# ਦਫਤਰ ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ ਦੀ ਸਧਾਰਨ ਮੀਟਿੰਗ ਮਿਤੀ 05/08/2019 ਨੂੰ ਸਵੇਰੇ 11:00 ਵਜੇ ਸ੍ਰੀ ਕੁਲਵੰਤ ਸਿੰਘ, ਮੇਅਰ, ਨਗਰ ਨਿਗਮ, ਐਸ.ਏ.ਐਸ.ਨਗਰ ਜੀ ਦੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ 68 ਵਿਖੇ ਹੋਈ ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਬਰ ਸਾਹਿਬਾਨ ਹਾਜ਼ਰ ਆਏ :-

| ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 1 | ਸ੍ਰੀ ਰਿਸ਼ਵ ਜੈਨ,ਸੀਨੀਅਰ ਡਿਪਟੀ ਮੇਅਰ | 17 | ਸ੍ਰੀ ਪਰਮਜੀਤ ਸਿੰਘ ਕਾਹਲੋਂ, ਮੈਂਬਰ ਵਾਰਡ ਨੰ:18 | 33 | ਸ੍ਰੀਮਤੀ ਪ੍ਰਕਾਸ਼ ਵਤੀ, ਮੈਂਬਰ ਵਾਰਡ ਨੰ:37 |
| 2 | ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ | 18 | ਸ੍ਰੀਮਤੀ ਹਰਵਿੰਦਰ ਕੌਰ ਲੰਗ,ਮੈਂਬਰ ਵਾਰਡ ਨੰ:19 | 34 | ਸ੍ਰੀਮਤੀ ਰਮਨਪ੍ਰੀਤ ਕੌਰ, ਮੈਂਬਰ ਵਾਰਡ ਨੰ:39 |
| 3 | ਸ੍ਰੀ ਰਾਜਿੰਦਰ ਪ੍ਰਸਾਦ, ਮੈਂਬਰ ਵਾਰਡ ਨੰ:1 | 19 | ਸ੍ਰੀ ਸਾਹਿਬੀ ਆਨੰਦ, ਮੈਂਬਰ ਵਾਰਡ ਨੰ. 20 | 35 | ਸ੍ਰੀਮਤੀ ਜ਼ਸਬੀਰ ਕੌਰ ਅੱਤਲੀ,ਮੈਂਬਰ ਵਾ ਨੰ:40 |
| 4 | ਸ੍ਰੀਮਤੀ ਸੁਮਨ, ਮੈਂਬਰ ਵਾਰਡ ਨੰ:3 | 20 | ਸ੍ਰੀਮਤੀ ਸੁਰਜੀਤ ਕੌਰ ਸੋਢੀ, ਮੈਂਬਰ ਵਾਰਡ ਨੰ:22 | 36 | ਸ੍ਰੀ ਸੁਰਿੰਦਰ ਸਿੰਘ, ਮੈਂਬਰ ਵਾਰਡ ਨੰ.41 |
| 5 | ਸ੍ਰੀਮਤੀ ਗੁਰਮੀਤ ਕੌਰ, ਮੈਂਬਰ ਵਾਰਡ ਨੰ:4 | 21 | ਸ੍ਰੀ ਸਤਵੀਰ ਸਿੰਘ ਧਨੋਆ, ਮੈਂਬਰ ਵਾਰਡ ਨੰ.23 | 37 | ਸ੍ਰੀ ਪਰਵਿੰਦਰ ਸਿੰਘ, ਮੈਂਬਰ ਵਾਰਡ ਨੰ.42 |
| 6 | ਸ੍ਰੀ ਭਾਰਤ ਭੂਸ਼ਨ ਮੈਣੀ, ਮੈਂਬਰ ਵਾਰਡ ਨੰ:5 | 22 | ਸ੍ਰੀ ਕਮਲਜੀਤ ਸਿੰਘ ਰੂਬੀ, ਮੈਂਬਰ ਵਾਰਡ ਨੰ:24 | 38 | ਸ੍ਰੀਮਤੀ ਕਮਲਜੀਤ ਕੌਰ, ਮੈਂਬਰ ਵਾਰਡ ਨੰ:43 |
| 7 | ਸ੍ਰੀ ਨਿਛੱਤਰ ਸਿੰਘ, ਮੈਂਬਰ ਵਾਰਡ ਨੰ:6 | 23 | ਸ੍ਰੀ ਸਰਬਜੀਤ ਸਿੰਘ, ਮੈਂਬਰ ਵਾਰਡ ਨੰ.25 | 39 | ਸ੍ਰੀ ਅਮਰੀਕ ਸਿੰਘ ਸੋਮਲ, ਮੈਂਬਰ ਵਾ.ਨੰ.44 |
| 8 | ਸ੍ਰੀ ਅਸ਼ੋਕ ਕੁਮਾਰ ਝਾਅ, ਮੈਂਬਰ ਵਾਰਡ ਨੰ:8 | 24 | ਸ੍ਰੀਮਤੀ ਕੁਲਵਿੰਦਰ ਕੌਰ ਰੰਗੀ,ਮੈਂਬਰ ਵਾਰਡ ਨੰ:26 | 40 | ਸ੍ਰੀ ਸੁਰਿੰਦਰ ਸਿੰਘ ਰਾਜਪੂਤ,ਮੈਂਬਰ ਵ.ਨੰ.45 |
| 9 | ਸ੍ਰੀ ਅਰੁਣ ਸ਼ਰਮਾ, ਮੈਂਬਰ ਵਾਰਡ ਨੰ:9 | 25 | ਸ੍ਰੀ ਗੁਰਮੀਤ ਸਿੰਘ ਵਾਲੀਆ,ਮੈਂਬਰ ਵ.ਨੰ.27 | 41 | ਸ੍ਰੀ ਸੁਖਦੇਵ ਸਿੰਘ ਪਟਵਾਰੀ, ਮੈਂਬਰ ਵ.ਨੰ.47 |
| 10 | ਸ੍ਰੀਮਤੀ ਕੁਲਦੀਪ ਕੋਰ ਕੰਗ, ਮੈਂਬਰ ਵ.ਨੰ.10 | 26 | ਸ੍ਰੀ ਹਰਦੀਪ ਸਿੰਘ ਸਰਾਓ, ਮੈਂਬਰ ਵਾਰਡ ਨੰ:28 | 42 | ਸ੍ਰੀਮਤੀ ਕਰਮਜੀਤ ਕੌਰ, ਮੈਂਬਰ ਵਾਰਡ ਨੰ:48 |
| 11 | ਸ੍ਰੀ ਗੁਰਮੁੱਖ ਸਿੰਘ ਸੋਹਲ,ਮੈਂਬਰ ਵਾਰਡ ਨੰ:11 | 27 | ਸ੍ਰੀਮਤੀ ਓਪਿੰਦਰ ਪ੍ਰੀਤ ਕੌਰ ਅਰੋੜਾ,ਮੈਂਬਰ ਵ.ਨੰ29 | 43 | ਸ੍ਰੀ ਹਰਪਾਲ ਸਿੰਘ, ਮੈਂਬਰ ਵਾਰਡ ਨੰ:50 |
| 12 | ਸ੍ਰੀ ਰਾਜਿੰਦਰ ਸਿੰਘ ਰਾਣਾ, ਮੈਂਬਰ ਵਾਰਡ ਨੰ:12 | 28 | ਸ੍ਰੀ ਅਮਰੀਕ ਸਿੰਘ, ਮੈਂਬਰ ਵਾਰਡ ਨੰ:30 | | |
| 13 | ਸ੍ਰੀਮਤੀ ਜਸਪ੍ਰੀਤ ਕੌਰ,ਮੈਂਬਰ ਵਾਰਡ ਨੰ. 13 | 29 | ਸ੍ਰੀਮਤੀ ਰਾਜ ਰਾਣੀ, ਮੈਂਬਰ ਵਾਰਡ ਨੰ.31 | | |
| 14 | ਸ੍ਰੀ ਹਰਮਨਪ੍ਰੀਤ ਸਿੰਘ ਪ੍ਰਿੰਸ,ਮੈਂਬਰ ਵਾਰਡ ਨੰ.15 | 30 | ਸ੍ਰੀ ਜਸਬੀਰ ਸਿੰਘ, ਮੈਂਬਰ ਵਾਰਡ ਨੰ.33 | | |
| 15 | ਸ੍ਰੀਮਤੀ ਤਰਨਜੀਤ ਕੌਰ ਗਿੱਲ, ਮੈਂਬਰ ਵਾ ਨੰ:16 | 31 | ਸ੍ਰੀਮਤੀ ਰਜ਼ਨੀ ਗੋਇਲ, ਮ੍ਰੈਂਬਰ ਵਾਰਡ ਨੰ. 34 | | |
| 16 | ਸ੍ਰੀ ਕੁਲਜੀਤ ਸਿੰਘ ਬੇਦੀ, ਮੈਂਬਰ ਵਾਰਡ ਨੰ.17 | 32 | ਸ੍ਰੀ ਪਰਵਿੰਦਰ ਸਿੰਘ,ਮੈਂਬਰ ਵਾਰਡ ਨੰ.35 | | |

<table>
<tr><th>Sr. No.</th><th>Resolution No.</th><th>Date of Meeting</th><th>Resolution Description</th><th>Orders of Competent Authority<br>ਪ੍ਰਵਾਨਗੀ ਜਨਰਲ ਹਾਊਸ</th></tr>
<tr><td>1</td><td>515</td><td>05.08.19</td><td>ਮਿਉਂਸਪਲ ਕਾਰਪੋਰੇਸ਼ਨ ਦੀ ਪਿਛਲੀ ਸਧਾਰਨ ਮੀਟਿੰਗ ਮਿਤੀ 24/06/2019 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ।</td><td>ਪਿਛਲੀ ਮੀਟਿੰਗ ਮਿਤੀ 24/6/2019 ਦੀ ਪੁਸ਼ਟੀ ਸਰਬ ਸੰਮਤੀ ਨਾਲ ਕੀਤੀ ਗਈ।</td></tr>
<tr><td>2</td><td>516</td><td>05.08.19</td><td><u>Budget Heads ਨੂੰ reappropriate ਕਰਨ ਸਬੰਧੀ।</u><br><br>ਰਿਪੋਰਟ ਲੇਖਾਸ਼ਾਖਾ ਕਿ ਨਗਰ ਨਿਗਮ ਦੇ ਸਾਲ 2019-20 ਦੇ ਬਜਟ ਲਈ ਸਰਕਾਰ ਵੱਲੋਂ ਆਮਦਨ 12566 ਲੱਖ ਰੁਪਏ, ਮੁਢਲਾ ਬਕਾਇਆ 4011.58 ਲੱਖ ਰੁਪਏ ਕੁੱਲ 16577.58 ਲੱਖ ਰੁਪਏ ਪਾਸ ਕੀਤਾ ਹੋਇਆ ਹੈ। ਇਸ ਵਿੱਚ ਅਮਲੇ ਤੇ ਖਰਚਾ 3850 ਲੱਖ ਰੁਪਏ, ਕੰਟੀਜੈਂਸੀ 431 ਲੱਖ ਰੁਪਏ ਅਤੇ ਵਿਕਾਸ ਦੇ ਕੰਮਾਂ (ਕਮਿਟਡ ਅਤੇ ਨਾਨ ਕਮਿਟਡ) ਲਈ 10885 ਲੱਖ ਰੁਪਏ ਪਾਸ ਕੀਤੇ ਹੋਏ ਹਨ। ਇਸ ਪਾਸ ਕੀਤੇ ਬਜਟ ਵਿੱਚ ਨਿਮਨ ਲਿਖਿਤ ਮੱਦਾਂ ਅਧੀਨ ਪ੍ਰਵਾਨਤ ਬਜਟ ਤੋਂ ਜਿਆਦਾ ਖਰਚਾ ਹੋਣ ਦੀ ਸੰਭਾਵਨਾ ਹੈ।<br>1) Maintenance of Water/Supply (Under MC)<br>2) Strengthening & Maintenance of Roads<br>3) Construction of Footpaths<br>ਇਸ ਲਈ Budget Heads ਨਿਮਨ ਅਨੁਸਾਰ reappropriate ਕਰਨ ਲਈ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।<br><br>PROPOSAL TO REAPPROPRIATE BUDGET<br>Fig.in lacs
<table>
<tr><td></td><td>Development</td><td>1</td><td>2</td><td>3</td><td>4</td></tr>
<tr><td></td><td>Name of Account Head</td><td>Sanctioned Budget 2019-20</td><td>Expenditure upto31.7.19</td><td>Reappropriate Budget 2019-20</td><td>%age of Budget spent</td></tr>
<tr><td></td><td>DEVELOPMENT</td><td></td><td></td><td></td><td></td></tr>
<tr><td></td><td>(A) COMMITTED EXPENDITURE</td><td></td><td></td><td></td><td></td></tr>
</table></td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | | |
|---|---|---|---|---|---|
| 1 | ELECTRICITY BILL OF TUBEWELL | 900 | 137.91 | 900 | 15.32 |
| 2 | MTC.SEWERS/STORM WATER (UNDER PHD) | 400 | 49.11 | 400 | 12.27 |
| 3 | MTC. WATER SUPPLY (UNDER MC) | 400 | 36.1 | 550 | 9.02 |
| 4 | EXPENDITURE FOR MUNICIPAL BHAWAN (DLG) | 0 | 0 | 0 | 0 |
| 5 | DIRECTORATE CHARGES | 150 | 0 | 100 | 0 |
| 6 | MTC.OF STREET LIGHT | 600 | 200.66 | 600 | 33.44 |
| 7 | CANCER CESS | 80 | 0 | 80 | 0 |
| 8 | AUDIT FEE | 40 | 0 | 40 | 0 |
| 9 | CONST./RENOVATION/MTC. OF M.C. BUILDINGS | 700 | 5.95 | 400 | 0.85 |
| 10 | ELECTRICITY BILL OF STREET LIGHT | 750 | 61.51 | 750 | 8.2 |
| 11 | MTC. OF TOILET BLOCKS | 600 | 152.8 | 600 | 25.46 |
| | **TOTAL COMMITTED EXPENDITURE** | 4620 | 644.04 | 4420 | 13.94 |
| 12 | PURCHASE LAND FOR GAUSHALA & CONSTRUCTION OF GAUSHALA BUILDING (AS PER DECISION TAKEN BY HOUSE | 300 | 0 | 100 | 0 |
| | **REVISED TOTAL COMMITTED EXPENDITURE(A)** | 4920 | 644.04 | 4520 | 13.09 |
| | **DEVELOPMENT** | 1 | 2 | 3 | 4 |
| | NAME OF ACCOUNT HEAD | BUDGET PASSED BY LG FOR 2019-2020 | EXPENDITURE UPTO 31.7.2019 | REAPPROPRIATE BUDGET 2019-20 | %AGE OF BUDGET SPENT |
| | (B) NON COMMITTED EXPENDITURE | | | | |
| 1 | **STRENGTHENING & MTC. OF ROAD** | 800 | 173.15 | 1000 | 21.64 |
| 2 | INSTALL OF NEW T/W | 200 | 155.43 | 200 | 77.71 |
| 3 | SLUM (ROADS/PARKS/CCF/DRAINS) | 50 | 0 | 50 | 0 |
| 4 | **CONST.OF FOOTPATH** | 1000 | 696.3 | 1500 | 69.63 |

| | | | | | |
|---|---|---|---|---|---|
| 5 | MODERNISATION OF SLAUGHTER HOUSE | 100 | 0 | 100 | 0 |
| 6 | COLLECTION & REMOVAL OF SOLID WASTE | 1600 | 563.31 | 1600 | 35.2 |
| 7 | PURCHASE OF MACHINERY | 500 | 0 | 200 | 0 |
| 8 | MISC.DEVELOPMENT & MTC. WORKS | 300 | 0 | 300 | 0 |
| 9 | MTC.& DEVELOPMENT OF PARKS | 700 | 375.36 | 700 | 53.62 |
| 10 | ABC PROGRAM | 65 | 3.04 | 65 | 4.67 |
| 11 | REHABILITATION OF SEWERAGE NETWORK UNDER AMRUT SCHEME (ULB SHARE) | 400 | 0 | 400 | 0 |
| 12 | AUGMENTATION OF WATER SUPPLY UNDER AMRUT SCHEME (ULB SHARE) | 250 | 0 | 250 | 0 |
| | **TOTAL NON COMMITTED EXPENDITURE (B)** | 5965 | 1966.59 | 6365 | 32.96 |
| | **TOTAL DEVELOPMENT (A+B)** | 10885 | 2610.63 | 10885 | 23.98 |

| | | | | |
|---|---|---|---|---|
| **3** | **517** | **05.08.19** | **ਇੰਪਲਾਇਜ ਪ੍ਰੋਵੀਡੈਂਟ ਫੰਡ ਐਂਡ ਮਿਸਲੇਨੀਅਸ ਪ੍ਰੋਵਿਜਨ ਐਕਟ 1952 ਦੀ ਧਾਰਾ 7 ਏ ਤਹਿਤ ਨਗਰ ਨਿਗਮ ਦੇ ਵਿਕਾਸ ਦੇ ਕੰਮਾਂ ਦੇ ਠੇਕੇਦਾਰਾਂ ਵੱਲੋਂ ਕੰਮਾਂ ਲਈ ਲਗਾਈ ਲੇਬਰ ਦੇ ਈ.ਪੀ.ਐਫ. ਸਬੰਧੀ ਕੀਤੀ ਇਨਕੁਆਰੀ ਸਬੰਧੀ**।<br><br>ਰਿਪੋਰਟ ਲੇਖਾਸ਼ਾਖਾ ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਰਿਜਨਲ ਪ੍ਰੋਵੀਡੈਂਟ ਫੰਡ ਕਮਿਸ਼ਨਰ, ਚੰਡੀਗੜ੍ਹ ਵੱਲੋਂ ਨਗਰ ਨਿਗਮ, ਐਸ.ਏ.ਐਸ ਨਗਰ ਨੂੰ ਪੱਤਰ ਨੰ : ਪੀ.ਐਨ./38120 ਈ.ਐਨ.ਐਫ./ III/ 12169 ਮਿਤੀ 10-01-2012 ਰਾਹੀਂ ਨੋਟਿਸ ਜਾਰੀ ਕਰਕੇ ਨਗਰ ਨਿਗਮ ਵਿੱਚ ਈ.ਪੀ.ਐਫ. ਐਕਟ ਮਿਤੀ 08/01/2011 ਤੋਂ ਈ.ਪੀ.ਐਫ. ਸਕੀਮ ਲਾਗੂ ਕਰਨ ਦੀ ਹਦਾਇਤਾਂ ਕੀਤੀ ਗਈ ਸੀ। ਜਿਸਦੀ ਪਾਲਣਾ ਕਰਦੇ ਹੋਏ ਇਸ ਦਫਤਰ ਵੱਲੋਂ ਨਗਰ ਨਿਗਮ ਵਿੱਚ ਕੰਮ ਕਰ ਰਹੀਆਂ ਸਹਿਕਾਰੀ ਸਭਾਵਾਂ/ ਠੇਕੇਦਾਰਾਂ ਤੇ ਈ.ਪੀ.ਐਫ. ਸਕੀਮ ਲਾਗੂ ਕਰਨ ਲਈ ਈ.ਪੀ.ਐਫ. ਨੰਬਰ ਲੈਣ ਲਈ ਇਹਨਾਂ ਸਹਿਕਾਰੀ ਸਭਾਵਾਂ/ ਠੇਕੇਦਾਰਾਂ ਨੂੰ ਪੱਤਰ ਲਿਖੇ ਗਏ ਸਨ। ਜਿਸ ਉਪਰੰਤ ਕੁੱਝ ਸਹਿਕਾਰੀ ਸਭਾਵਾਂ/ ਠੇਕੇਦਾਰਾਂ ਵੱਲੋਂ ਨਗਰ ਨਿਗਮ ਨੂੰ ਇਹ ਲਿਖਕੇ ਦਿੱਤਾ ਗਿਆ ਹੈ ਕਿ ਈ.ਪੀ.ਐਫ. ਐਕਟ ਮੁਤਾਬਿਕ ਜੇਕਰ ਸਹਿਕਾਰੀ ਸਭਾਵਾਂ ਦੇ 49 ਤੋਂ ਘੱਟ ਮੈਂਬਰ ਹਨ ਤਾਂ ਉਕਤ ਨੋਟੀਫਿਕੇਸ਼ਨ ਉਹਨਾਂ ਤੇ ਇੰਪਲਾਇਜ਼ ਪਰੋਵਿਡੈਂਟ ਫੰਡ ਅਤੇ ਮਿਸਲੈਨਿਅਸ ਪਰੋਵਜਨ ਐਕਟ, 1952 ਦੇ ਸੈਕਸ਼ਨ 16 ਕੋਆਪਰੇਟਿਵ ਸੋਸਾਇਟੀਆਂ ਤੇ ਲਾਗੂ ਨਹੀਂ ਹੁੰਦਾ। ਜਿਸਦੀ ਸੂਚਨਾ ਅਤੇ ਸਪੱਸ਼ਟੀਕਰਨ ਲੈਣ ਲਈ ਇਸ ਨਗਰ ਨਿਗਮ ਵੱਲੋਂ ਈ.ਪੀ.ਐਫ. ਕਮਿਸ਼ਨਰ, ਚੰਡੀਗੜ੍ਹ ਨੂੰ ਪੱਤਰ ਵੀ ਲਿਖੇ ਗਏ ਸਨ। ਇਸਦੇ ਜਵਾਬ ਵਿੱਚ ਈ.ਪੀ.ਐਫ. ਕਮਿਸ਼ਨਰ ਵੱਲੋਂ ਜੁਬਾਨੀ ਤੌਰ ਤੇ ਦੱਸਿਆ ਗਿਆ ਸੀ ਕਿ ਈ.ਪੀ.ਐਫ. ਐਕਟ | ਇਸ ਸਬੰਧੀ ਵਿਚਾਰ ਵਟਾਦਰਾਂ ਕਰਨ ਉਪਰੰਤ ਸਰਬ ਸੰਮਤੀ ਨਾਲ ਫੈਸਲਾ ਕਰਦੇ ਹੋਏ ਕਮਿਸ਼ਨਰ, ਨਗਰ ਨਿਗਮ ਨੂੰ ਹਦਾਇਤ ਕੀਤੀ ਗਈ ਕਿ ਜਨਵਰੀ 2011 ਤੋਂ ਦਸੰਬਰ 2011 ਤੱਕ ਦਾ ਈ.ਪੀ.ਐਫ ਸ਼ਹਿਕਾਰੀ ਸਭਾਵਾਂ/ ਠੇਕੇਦਾਰ ਤੋਂ ਵਸੂਲ ਕਰਨ ਲਈ ਇੰਜੀਨੀਅਰਿੰਗ ਸ਼ਾਖਾ ਨੂੰ 1 ਮਹੀਨੇ ਦਾ ਸਮਾਂ ਦਿੱਤਾ ਜਾਂਦਾ ਹੈ। ਜੇਕਰ ਮਿਥੇ ਸਮੇਂ ਅੰਦਰ ਈ.ਪੀ.ਐਫ. ਦੀ ਵਸੂਲੀ ਨਹੀ ਹੁੰਦੀ ਤਾਂ ਇਸ ਸਮੇਂ ਦੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੇ ਖਿਲਾਫ ਅਗਲੇਰੀ ਕਾਰਵਾਈ |

| | | | | |
|---|---|---|---|---|
| | | | ਸਾਰੀਆਂ ਸਹਿਕਾਰੀ ਸਭਾਵਾਂ/ ਠੇਕੇਦਾਰਾਂ ਤੇ ਲਾਗੂ ਹੁੰਦਾ ਹੈ ਭਾਵੇਂ ਕਿਸੇ ਸਭਾ ਦੇ 2 ਹੀ ਮੈਂਬਰ ਕਿਉਂ ਨਾ ਹੋਣ। ਈ.ਪੀ.ਐਫ. ਕਮਿਸ਼ਨਰ ਵੱਲੋਂ ਨਗਰ ਨਿਗਮ ਤੋਂ ਕੀਤੀ ਗਈ ਅਦਾਇਗੀਆਂ ਸਮਾਂ (ਜਨਵਰੀ 2011 ਤੋਂ ਦਸੰਬਰ 2011) ਬਾਰੇ ਡਿਟੇਲ ਮੰਗੀ ਗਈ ਸੀ, ਜੋ ਕਿ ਉਹਨਾਂ ਨੂੰ ਮੁਹਇਆ ਕਰਵਾ ਦਿੱਤੀ ਗਈ ਸੀ। ਜਿਸਦੇ ਹਵਾਲੇ ਵਿੱਚ ਈ.ਪੀ.ਐਫ. ਕਮਿਸ਼ਨਰ ਵੱਲੋਂ ਸਹਿਕਾਰੀ ਸਭਾਵਾਂ/ ਠੇਕੇਦਾਰਾਂ ਵੱਲੋਂ ਮੈਨਟੇਨ ਕੀਤ ਜਾਂਦੇ ਰਿਕਾਰਡ ਜਿਵੇਂ ਕਿ ਅਟੈਂਡੈਂਸ ਸੈਲਰੀ/ ਵੇਜਸ ਰਜਿਸਟਰ, ਲੇਜਰ, ਕੈਸ਼ ਬੁੱਕਾਂ, ਬੈਲੈਂਸ ਸ਼ੀਟ, ਸਟੇਚੂਟਰੀ ਰਿਟਰਨ ਅਤੇ ਬੈਂਕ ਚਲਾਨ ਆਦਿ ਦੀ ਮੰਗ ਕੀਤੀ ਗਈ ਸੀ। ਇਸ ਸਬੰਧੀ ਰਿਕਾਰਡ ਉਪਲਬਧ ਕਰਵਾਉਣ ਵਾਸਤੇ ਸਹਿਕਾਰੀ ਸਭਾਵਾਂ/ ਠੇਕੇਦਾਰਾਂ ਨੂੰ ਪੱਤਰ ਲਿਖੇ ਗਏ ਸਨ ਪ੍ਰੰਤੂ ਉਹਨਾਂ ਵੱਲੋਂ ਬਾਰ-ਬਾਰ ਉਹਨਾਂ ਤੇ ਈ.ਪੀ.ਐਫ. ਐਕਟ ਲਾਗੂ ਨਾ ਹੋਣ ਦਾ ਹਵਾਲਾ ਦਿੱਤਾ ਜਾਂਦਾ ਰਿਹਾ ਹੈ। ਲੋੜੀਂਦਾ ਰਿਕਾਰਡ ਉਪਲਬਧ ਨਾ ਕਰਵਾਉਣ ਦੀ ਸੂਰਤ ਵਿੱਚ ਰਿਜਨਲ ਪ੍ਰੋਵੀਡੈਂਟ ਫੰਡ ਕਮਿਸ਼ਨਰ ਜੀ ਵੱਲੋਂ ਮਿਤੀ 01/01/2011 ਤੋਂ ਮਿਤੀ 31/12/2011 ਤੱਕ ਦੇ ਸਮੇਂ ਵਿੱਚ ਕਰਵਾਏ ਗਏ ਕੰਮਾਂ ਦੀ ਲੇਬਰ ਕੰਪੋਨੈਂਟ ਦੀ ਮੰਗ ਕੀਤੀ ਗਈ ਸੀ, ਜੋ ਕਿ ਈ.ਪੀ.ਐਫ. ਕਮਿਸ਼ਨਰ ਨੂੰ ਮੁਹਇਆ ਕਰਵਾ ਦਿੱਤੀ ਗਈ ਸੀ। ਜਿਸਦੇ ਹਵਾਲੇ ਵਿੱਚ ਈ.ਪੀ.ਐਫ. ਕਮਿਸ਼ਨਰ ਵੱਲੋਂ ਜੁਬਾਨੀ ਤੌਰ ਤੇ ਦੱਸਿਆ ਗਿਆ ਹੈ ਕਿ ਅਸੈਸਮੈਂਟ ਸਾਲ 01/01/2011 ਤੋਂ ਮਿਤੀ 31/12/2011 ਤੱਕ ਨਗਰ ਨਿਗਮ ਵਿੱਚ ਠੇਕੇਦਾਰਾਂ/ ਸੋਸਾਇਟੀਆਂ ਵੱਲੋਂ ਪੇਵਰ ਦੇ ਕੰਮ, ਸੜਕਾਂ ਦੇ ਕੰਮ, ਲੁੱਕ ਦੀ ਸੜਕਾਂ ਦੇ ਕੰਮ, ਬਿਲਡਿੰਗ ਦੇ ਕੰਮ ਅਤੇ ਲੇਬਰ ਸਪਲਾਈ ਦੇ ਕੰਮ ਵੀ ਕੀਤੇ ਗਏ ਹਨ। ਇਸਦੇ ਨਾਲ ਹੀ ਬਿਜਲੀ ਸ਼ਾਖਾ ਵੱਲੋਂ ਸਟ੍ਰੀਟ ਲਾਇਟ ਦੀ ਮੈਨਟੀਨੈਂਸ/ ਨਵੀਂ ਸਟ੍ਰੀਟ ਲਾਈਟ ਲਗਵਾਉਣਾ, ਲੇਬਰ ਦੀ ਸਪਲਾਈ ਦੇ ਕੰਮ ਅਤੇ ਵਾਟਰ ਸਪਲਾਈ ਸ਼ਾਖਾ ਵੱਲੋ ਪੰਪ ਚੈਂਬਰ, ਲੇਬਰ ਸਪਲਾਈ ਦੇ ਕੰਮ ਜਿਸ ਵਿੱਚ ਪੰਪ ਅਪਰੇਟਰ ਅਤੇ ਸੀਵਰ ਮੈਨ ਦੀ ਸਪਲਾਈ ਦਾ ਕੰਮ ਕੀਤਾ ਗਿਆ ਹੈ। ਅਜਿਹੀਆਂ ਸਹਕਾਰੀ ਸਭਾਵਾਂ/ ਠੇਕੇਦਾਰਾਂ ਤੇ ਈ.ਪੀ.ਐਫ. ਐਕਟ ਲਾਗੂ ਹੁੰਦਾ ਹੈ। ਜਿਸਦੀ ਅਸੈਸਮੈਂਟ ਕਰਦੇ ਹੋਏ ਸਹਾਇਕ ਪ੍ਰੋਵੀਡੈਂਟ ਫੰਡ ਕਮਿਸ਼ਨਰ ਵੱਲੋਂ ਹੁਕਮ ਮਿਤੀ 11/03/2019 ਰਾਹੀਂ ਨਗਰ ਨਿਗਮ ਦੀ ਤਰਫ 81,84,007/- ਈ.ਪੀ.ਐਫ. ਦੇ ਡਿਊਜ਼ ਅਸੈਸ ਕੀਤੇ ਗਏ ਹਨ ਅਤੇ ਰਿਕਵਰੀ ਅਫਸਰ ਈ.ਪੀ.ਐਫ.ਓ., ਰਿਜਨਲ ਦਫਤਰ, ਚੰਡੀਗੜ੍ਹ ਵੱਲੋਂ ਇਸ ਸਬੰਧੀ ਨਗਰ ਨਿਗਮ ਨੂੰ ਰਿਕਵਰੀ ਨੋਟਿਸ ਨੰਬਰ ਰਿਕਵਰੀ ਸੈਲ/ ਪੀ.ਐਨ/ 38120/39 ਮਿਤੀ 29/04/2019 ਰਾਹੀਂ ਹੁਕਮ ਜਾਰੀ ਕੀਤੇ ਗਏ ਕਿ ਇਹ ਰਕਮ 15 ਦਿਨਾਂ ਦੇ ਅੰਦਰ-ਅੰਦਰ ਜਮਾਂ ਕਰਵਾਈ ਜਾਵੇ। ਜਿਸ ਸਬੰਧੀ ਨਗਰ ਨਿਗਮ ਵੱਲੋਂ ਪੱਤਰ ਨੰਬਰ 1279 ਮਿਤੀ 07/05/2019 ਰਾਹੀਂ ਰਿਕਵਰੀ ਅਫਸਰ ਨੂੰ ਰਿਕਵਰੀ ਦੀ ਕਾਰਵਾਈ ਰੋਕਣ ਦੀ ਬੇਨਤੀ ਕੀਤੀ ਗਈ ਸੀ। ਜਿਸਦੇ ਸਬੰਧ ਵਿੱਚ ਰਿਕਵਰੀ ਅਫਸਰ ਵੱਲੋਂ ਪੱਤਰ ਨੰਬਰ ਰਿਕਵਰੀ/ਪੀ.ਐਨ/38120/779 ਮਿਤੀ 18/06/2019 ਰਾਹੀਂ ਨਗਰ ਨਿਗਮ ਨੂੰ ਲਿਖਿਆ ਹੈ ਕਿ ਨਗਰ ਨਿਗਮ ਨੂੰ ਸਹਾਇਕ ਪ੍ਰੋਵੀਡੈਂਟ ਫੰਡ ਕਮਿਸ਼ਨਰ ਵੱਲੋਂ ਹੁਕਮ ਮਿਤੀ 11/03/2019 ਤੇ ਸਟੇਅ ਨਹੀਂ ਦਿੱਤੀ ਗਈ ਹੈ। ਇਸ ਲਈ ਬਣਦੀ ਰਕਮ 7 ਦਿਨਾਂ ਦੇ ਅੰਦਰ-ਅੰਦਰ ਜਮਾਂ ਕਰਵਾਈ ਜਾਵੇ। ਇਸ ਉਪਰੰਤ ਨਗਰ ਨਿਗਮ ਵੱਲੋਂ ਈ.ਪੀ.ਐਫ. ਇਨਫੋਰਸਮੈਂਟ ਅਧਿਕਾਰੀਆਂ ਦੇ ਉਕਤ ਹੁਕਮਾਂ ਦੇ ਵਿਰੁੱਧ ਈ.ਪੀ.ਐਫ. ਟ੍ਰਿਬਿਊਨਲ (ਸੀ.ਜੀ.ਆਈ.ਟੀ. ਚੰਡੀਗੜ੍ਹ) ਅਪੀਲ ਦਾਇਰ ਕੀਤੀ ਗਈ। ਜਿਸ ਵਿੱਚ ਟ੍ਰਿਬਿਊਨਲ ਵੱਲੋਂ ਮਿਤੀ 11/06/2019 ਨੂੰ ਹੇਠ ਲਿਖੇ ਹੁਕਮ ਜਾਰੀ ਕੀਤੇ ਗਏ ਹਨ :-<br>"........... the appellant is directed to deposit 50% of the assessed amount with the respondent authority within two months of this order. "<br><br>ਟ੍ਰਿਬਿਊਨਲ ਦੇ ਉਕਤ ਹੁਕਮਾਂ ਦੇ ਮੱਦੇਨਜਰ ਨਗਰ ਨਿਗਮ ਵੱਲੋਂ ਈ.ਪੀ.ਐਫ. ਦੀ ਅਸੈਸ ਕੀਤੀ ਰਕਮ 81,84,007/- ਦੀ 50% ਰਕਮ (ਜੋ ਕਿ 40,92,004/- ਰਪੂਏ ਬਣਦੀ ਹੈ ), ਸਹਾਇਕ ਪ੍ਰੋਵੀਡੈਂਟ ਫੰਡ ਕਮਿਸ਼ਨਰ, | ਕੀਤੀ ਜਾਵੇ ਅਤੇ ਅਗੋਂ ਲਈ ਸ਼ਹਿਕਾਰੀ ਸਭਾਵਾਂ/ਠੇਕੇਦਾਰ ਤੋਂ ਜੋ ਵਿਕਾਸ ਦੇ ਕੰਮ ਕਰਵਾਏ ਜਾਣਗੇ ਉਹਨਾਂ ਵਿਚੋਂ ਲੇਬਰ ਦਾ ਈ.ਪੀ.ਐਫ.ਕੱਟਣ ਉਪਰੰਤ ਹੀ ਅਦਾਇਗੀਆ ਕੀਤੀਆਂ ਜਾਣ। |

| | | | | |
|---|---|---|---|---|
| | | | ਚੰਡੀਗੜ੍ਹ ਪਾਸ ਮਿਤੀ 10/08/2019 ਤੋਂ ਪਹਿਲਾਂ ਜਮਾਂ ਕਰਵਾਉਣੀ ਬਣਦੀ ਹੈ। ਕੇਸ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਮਾਨਯੋਗ ਮੇਅਰ, ਨਗਰ ਨਿਗਮ ਜੀ ਵੱਲੋਂ ਉਕਤ ਤਜਵੀਜ ਨੂੰ ਨਗਰ ਨਿਗਮ ਦੇ ਹਾਉਸ ਵੱਲੋਂ ਪ੍ਰਵਾਨਗੀ ਦੇਣ ਦੀ ਆਸ ਵਿੱਚ ਮਿਤੀ 05/07/2019 ਨੂੰ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਇਸਦੇ ਨਾਲ ਇਹ ਵੀ ਹਦਾਇਤ ਕੀਤੀ ਹੈ ਕਿ ਨਗਰ ਨਿਗਮ ਦੇ ਜਿਨ੍ਹਾਂ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਬਣਦੀ ਰਕਮ ਜਮਾਂ ਕਰਵਾਈ ਜਾਣੀ ਸੀ ਪ੍ਰੰਤੂ ਨਹੀਂ ਕਰਵਾਈ ਗਈ, ਉਹਨਾਂ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇ। ਮਾਨਯੋਗ ਮੇਅਰ ਜੀ ਵੱਲੋਂ ਲਗਾਏ ਇਸ ਪ੍ਰੇਖਣ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਈ.ਪੀ.ਐਫ. ਦੇ ਬਕਾਏ ਦੀ ਰਕਮ ਨਗਰ ਨਿਗਮ ਵਿਖੇ ਜਨਵਰੀ 2011 ਤੋਂ ਦਸੰਬਰ 2011 ਤੱਕ ਦੇ ਵਿਕਾਸ ਦੇ ਕੰਮਾਂ ਦੇ ਠੇਕੇਦਾਰਾਂ ਵੱਲੋਂ ਕੀਤੇ ਵਿਕਾਸ ਦੇ ਕੰਮਾਂ ਲਈ ਲਗਾਈ ਲੇਬਰ ਦੇ ਈ.ਪੀ.ਐਫ. ਨਾਲ ਸਬੰਧਤ ਹੈ। ਇਸ ਲਈ ਬਣਦੇ ਈ.ਪੀ.ਐਫ. ਦੀ ਰਕਮ ਸਬੰਧੀ ਕੰਮ ਦੇ ਤਖਮੀਨੇ ਵਿੱਚ ਅਤੇ ਸਬੰਧਤ ਠੇਕੇਦਾਰਾਂ ਨਾਲ ਕੰਮ ਸਬੰਧੀ ਕੀਤੇ ਇਕਰਾਰਨਾਮੇ ਵਿੱਚ ਉਪਬੰਧ ਕਰਨਾ ਨਗਰ ਨਿਗਮ ਦੀ ਇੰਜੀਨੀਅਰਿੰਗ ਸ਼ਾਖਾ ਵਿੱਚ ਕੰਮ ਕਰਦੇ ਕਰਮਚਾਰੀਆਂ/ ਅਧਿਕਾਰੀਆਂ ਦੀ ਜਿੰਮੇਵਾਰੀ ਬਣਦੀ ਸੀ। ਇਸ ਲਈ ਜਨਵਰੀ 2011 ਤੋਂ ਦਸੰਬਰ 2011 ਦੇ ਵਿਚਕਾਰ ਇੰਜੀਨੀਅਰਿੰਗ ਸ਼ਾਖਾ ਵਿੱਚ ਤੈਨਾਤ ਕਰਮਚਾਰੀਆਂ/ ਅਧਿਕਾਰੀਆਂ ਨੂੰ ਮੌਜੂਦਾ ਸਥਿਤੀ ਲਈ ਜਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਇੱਥੇ ਇਹ ਵੀ ਦੱਸਣਾ ਉਚਿੱਤ ਹੈ ਕਿ ਇਸ ਸਮੇਂ ਵੀ ਨਗਰ ਨਿਗਮ ਵੱਲੋਂ ਵਿਕਾਸ ਦੇ ਜੋ ਕੰਮ ਠੇਕੇਦਾਰਾਂ ਰਾਹੀਂ ਕਰਵਾਏ ਜਾਂਦੇ ਹਨ। ਉਹਨਾਂ ਵਿੱਚ ਵੀ ਲੇਬਰ ਦੀ ਈ.ਪੀ.ਐਫ. ਸਬੰਧੀ ਕੋਈ ਉਪਬੰਧ ਨਹੀਂ ਕੀਤਾ ਜਾ ਰਿਹਾ। ਉਕਤ ਕੇਸ ਮਾਨਯੋਗ ਕਮਿਸ਼ਨਰ, ਨਗਰ ਨਿਗਮ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਉਸ ਦੇ ਵਿਚਾਰ ਹਿੱਤ ਭੇਜਣ ਲਈ ਰਿਪੋਰਟ ਪੇਸ਼ ਹੈ ਜੀ। | |
| **4** | **518** | **05.08.19** | **<u>ਨਗਰ ਨਿਗਮ ਵਿਖੇ ਆਉਟਸੋਰਸ ਰਾਹੀਂ ਲਈ ਦਰਜਾ-3 ਅਤੇ 4 ਮੈਨਪਾਵਰ ਦੀਆਂ ਸੇਵਾਵਾਂ ਮਿਤੀ 30/09/2019 ਤੋਂ ਬਾਅਦ ਵੀ ਜਾਰੀ ਰੱਖਣ ਦੀ ਪ੍ਰਵਾਨਗੀ ਦੇਣ ਸਬੰਧੀ।</u>**<br><br>ਰਿਪੋਰਟ ਸੁਪਰਡੈਂਟ (ਅਮਲਾ) ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਪਿਛਲੇ 5 ਸਾਲਾਂ ਤੋਂ ਵੱਧ ਸਮੇਂ ਤੋਂ ਨਗਰ ਨਿਗਮ ਵਿਖੇ ਦਰਜਾ 3 ਅਤੇ ਦਰਜਾ 4 ਕਰਮਚਾਰੀਆਂ ਦੀ ਬਹੁਤ ਜਿਆਦਾ ਘਾਟ ਹੋਣ ਕਾਰਨ ਨਗਰ ਨਿਗਮ ਵੱਲੋਂ ਰੋਜਾਨਾ ਕੰਮ-ਕਾਜ ਨੂੰ ਚਲਾਉਣ ਲਈ ਇਹ ਮੈਨਪਾਵਰ ਡੀ.ਸੀ. ਰੇਟ ਤੇ ਆਉਟਸੋਰਸ ਰਾਹੀਂ ਲੈ ਕੇ ਕੰਮ ਚਲਾਇਆ ਜਾ ਰਿਹਾ ਹੈ। ਨਗਰ ਨਿਗਮ ਵੱਲੋਂ ਮਤਾ ਨੰਬਰ 459 ਮਿਤੀ 11/12/2018 ਰਾਹੀਂ ਹੇਠ ਲਿਖੀ ਮੈਨਪਾਵਰ ਡੀ.ਸੀ. ਰੇਟ ਤੇ ਆਉਟਸੋਰਸ ਰਾਹੀਂ ਮਿਤੀ 01/04/2019 ਤੋਂ ਮਿਤੀ 31/03/2020 ਤੱਕ ਲੈਣ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਗਈ ਸੀ ਪ੍ਰੰਤੂ ਸਰਕਾਰ ਵੱਲੋਂ ਪੱਤਰ ਨੰਬਰ ਸ5-ਡਸਸ-ਮਸਸ-19/17931 ਮਿਤੀ 24/04/2019 ਰਾਹੀਂ ਇਹ ਮੈਨਪਾਵਰ ਮਿਤੀ 01/04/2019 ਤੋਂ ਮਿਤੀ 30/09/2019 ਤੱਕ ਹੀ ਲੈਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਮਿਤੀ 30/09/2019 ਨਜਦੀਕ ਆ ਰਹੀ ਹੈ। ਜਦਕਿ ਆਊਟਸੋਰਸ ਰਾਹੀਂ ਮੈਨਪਾਵਰ ਲੈਣ ਦੀ ਜਰੂਰਤ ਨਗਰ ਨਿਗਮ ਨੂੰ ਇਸ ਮਿਤੀ ਤੋਂ ਬਾਅਦ ਵੀ ਹੋਵੇਗੀ ਕਿਉਂਕਿ ਨਗਰ ਨਿਗਮ ਵੱਲੋਂ ਦਰਜਾ-3 ਕੈਟਾਗਰੀ ਦੀਆਂ ਜੋ 106 ਅਸਾਮੀਆਂ ਨੀਟਰ, ਚੰਡੀਗੜ੍ਹ ਰਾਹੀਂ ਭਰੀਆਂ ਜਾ ਰਹੀਆਂ ਹਨ, ਉਸ ਸਬੰਧੀ ਨਗਰ ਨਿਗਮ ਵੱਲੋਂ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਵੀ ਇਸ ਸੰਸਥਾ ਵੱਲੋਂ ਹੁਣ ਤੱਕ ਕੋਈ ਕਾਰਵਾਈ ਆਰੰਭੀ ਨਹੀਂ ਗਈ ਹੈ। ਇਸ ਲਈ ਰੈਗੂਲਰ ਭਰਤੀ ਦੀ ਪ੍ਰੀਕ੍ਰਿਆ ਮਿਤੀ 30/09/2019 ਤੱਕ ਪੂਰੀ ਹੋਣਾ ਸੰਭਵ ਨਹੀਂ ਹੈ। ਇਹਨਾਂ ਤੱਥਾਂ ਦੇ ਮੱਦੇਨਜਰ ਨਗਰ ਨਿਗਮ ਨੂੰ ਮਿਤੀ 30/09/2019 ਤੋਂ ਬਾਅਦ ਹੇਠ ਲਿਖੀ ਮੈਨਪਾਵਰ ਮਿਤੀ 01/10/2019 ਤੋਂ 31/03/2020 ਤੱਕ ਆਉਟਸੋਰਸ ਰਾਹੀਂ ਡੀ.ਸੀ. ਰੇਟ ਤੇ ਲੈਣੀ ਜਰੂਰੀ ਹੈ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| 1 | 2 | 3 | 4 | 5 | 6 | 7 | |
|---|---|---|---|---|---|---|---|
| ਲੜੀ ਨੰ. | ਅਸਾਮੀ ਦਾ ਨਾਮ | ਪ੍ਰਵਾਨਤ ਅਸਾਮੀਆਂ ਦੀ ਗਿਣਤੀ | ਪ੍ਰਵਾਨਤ ਖਾਲੀ ਪਈਆਂ ਅਸਾਮੀਆਂ ਦੇ ਵਿਰੁੱਧ ਕੰਮ ਕਰ ਰਹੇ ਰੈਗੂਲਰ ਕਰਮਚਾਰੀਆਂ ਦੀ ਗਿਣਤੀ। | ਪ੍ਰਵਾਨਤ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ | ਇਸ ਸਮੇਂ ਪ੍ਰਵਾਨਤ ਖਾਲੀ ਪਈਆਂ ਅਸਾਮੀਆਂ ਵਿਰੁੱਧ ਆਉਟਸੋਰਸ ਰਾਹੀਂ ਕੰਮ ਕਰ ਰਿਹਾ ਸਟਾਫ | ਪ੍ਰਵਾਨਤ ਅਸਾਮੀਆਂ ਤੋਂ ਇਲਾਵਾ ਹੋਰ ਮੈਨਪਾਵਰ ਆਊਟਸੋਰਸ ਰਾਹੀਂ ਲੈਣ ਲਈ ਸਰਕਾਰ ਵੱਲੋਂ ਦਿੱਤੀ ਪ੍ਰਵਾਨਗੀ/ ਕੰਮ ਕਰ ਰਹੀ ਮੈਨਪਾਵਰ | ਮਿਤੀ 30/09/2019 ਤੋਂ ਬਾਅਦ ਭਾਵ ਮਿਤੀ 01/10/2019 ਤੋਂ ਮਿਤੀ 31/03/2020 ਤੱਕ ਲੋੜੀਂਦੀ ਮੈਨਪਾਵਰ। |
| 1 | ਕਲਰਕ | 56 | 25 | 31 | 26 | | 26 |
| 2 | ਫਾਇਰਮੈਨ | 80 | 12 | 68 | 12 | | 12 |
| 3 | ਫਾਇਰ ਡਰਾਇਵਰ | 24 | 05 | 19 | 10 | | 10 |
| 4 | ਡਰਾਇਵਰ | 20 | 14 | 06 | 06 | | 06 |
| 5 | ਸੇਵਾਦਾਰ, ਸੇਵਾਦਾਰ ਕਮ ਚੌਕੀਦਾਰ | 40 | 20 | 20 | 10 | | 10 |
| 6 | ਬੇਲਦਾਰ | 50 | 21 | 29 | 09 | | 09 |
| 7 | ਸੁਪਰਵਾਇਜਰ (ਹੋਰਟੀਕਲਚਰ) | 10 | 0 | 10 | 10 | - | 10 |
| 8 | ਡਰਾਇਵਰ (ਹੈਵੀ ਵਹਿਕਲ) | 1 | 0 | 1 | 1 | | 1 |
| 9 | ਨੇਚਰ ਪਾਰਕ ਦੀ ਸਿਕਓਰਟੀ ਲਈ | - | - | - | | 4 | 4 |

| | | | | | | | | | | | | | |
|---|---|---|---|---|---|---|---|---|---|---|---|---|---|
| | | | | | | ਸਿਕਓਰਟੀ ਸੁਪਰਵਾਈਜਰ (ਸਿਕਓਰਟੀ ਲਈ ਪੈਸਕੋ ਤੋਂ) | | | | | | | |
| | | | | | 10 | ਸਿਕਓਰਟੀ ਗਾਰਡ (ਨੈਚਰ ਪਾਰਕ ਅਤੇ ਦਫਤਰ ਦੀ ਸਿਕਓਰਟੀ ਲਈ ਪੈਸਕੋ ਤੋਂ) | | | | | 15 | 15 | |
| | | | | | 11 | ਸਿਕਓਰਟੀ ਗਾਰਡ (ਤਹਿਬਜਾਰੀ ਦੇ ਕੰਮ ਲਈ ਆਉਟਸੋਰਸ ਰਾਹੀਂ ਸਟਾਫ ਮੁਹਈਆ ਕਰਵਾਉਣ ਵਾਲੀ ਏਜੰਸੀ ਸੰਪਰਕ ਸਰਵਿਸਜ, ਚੰਡੀਗੜ੍ਹ ਤੋਂ) | | | | | 12 | 12 | |
| | | | | | 12 | ਸਫਾਈ ਸੇਵਕ ( ਗਾਰਬੇਜ ਲਿਫਟਿੰਗ ਅਤੇ ਡਪਿੰਗ ਸਾਇਟ ਲਈ), | 450 | 116 | 334 | 24 | – | 24 | |
| | | | | | 13 | ਰਿਸੈਪਨਿਸ਼ਟ | | | | | 02 | 02 | |

| | | | | | | | |
|---|---|---|---|---|---|---|---|
| 14 | ਟਰੈਕਟਰ ਡਰਾਇਵਰ (ਬਾਗਬਾਨੀ ਸ਼ਾਖਾ ਲਈ) | | | | | 01 | 01 |
| 15 | ਡਰਾਇਵਰ (ਤਹਿਬਜਾਰੀ, ਸੈਨੀਟੇਸ਼ਨ ਸ਼ਾਖਾ, ਫੋਗਿੰਗ, ਬਾਗਬਾਨੀ, ਜਨਰਲ ਸ਼ਾਖਾ ਅਤੇ ਹੋਰ ਗੱਡੀਆਂ ਚਲਾਉਣ ਲਈ) | | | | | 15 | 15 |
| 16 | ਮਾਲੀ | 95 | 21 | 76 | 10 | – | 10 |

ਨਗਰ ਨਿਗਮ ਦੇ ਕੰਮ ਵਿੱਚ ਦਿਨ ਬ ਦਿਨ ਹੋ ਰਹੇ ਵਾਧੇ ਕਾਰਨ ਅਤੇ ਵੱਧ ਰਹੇ ਕੰਮ/ ਜਿੰਮੇਵਾਰੀਆਂ ਨੂੰ ਸੁਚਾਰੂ ਢੰਗ ਨਾਲ ਨਿਪਟਾਉਣ ਲਈ ਉਕਤ ਮੈਨਪਾਵਰ ਡੀ.ਸੀ. ਰੇਟ ਤੇ ਆਊਟਸੋਰਸ ਰਾਹੀਂ ਲੈਣ ਦੀ ਸਖਤ ਜਰੂਰਤ ਮਿਤੀ 30/09/2019 ਤੋਂ ਬਾਅਦ ਮਿਤੀ 01/10/2019 ਤੋਂ ਮਿਤੀ 31/03/2020 ਤੱਕ ਵੀ ਹੈ। ਇਸ ਲਈ ਨਗਰ ਨਿਗਮ ਵਿਖੇ ਇਸ ਸਮੇਂ ਜੋ ਮੈਨਪਾਵਰ (ਉਕਤ ਟੇਬਲ ਦੇ ਕਾਲਮ ਨੰਬਰ 6 ਅਤੇ 7 ਵਿੱਚ ਦਰਸਾਏ ਅਨੁਸਾਰ) ਆਊਟਸੋਰਸ ਰਾਹੀਂ ਕੰਮ ਕਰ ਰਹੀ ਹੈ। ਉਸ ਦੀਆਂ ਸੇਵਾਵਾਂ ਮਿਤੀ 30/09/2019 ਤੋਂ ਬਾਅਦ ਵੀ ਛੇ ਮਹੀਨੇ ਲਈ (ਮਿਤੀ 01/10/2019 ਤੋਂ ਮਿਤੀ 31/03/2020) ਜਾਂ ਜੱਦੋਂ ਤੱਕ ਨਗਰ ਨਿਗਮ ਵਿਖੇ ਰੈਗੂਲਰ ਸਟਾਫ ਦੀ ਭਰਤੀ ਨਹੀਂ ਹੋ ਜਾਂਦੀ, ਦੋਨਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ ਤੱਕ ਜਾਰੀ ਰਖੀਆਂ ਜਾਣ। ਲੋੜੀਂਦੀ ਮੈਨਪਾਵਰ ਮਿਤੀ 01/10/2019 ਤੋਂ ਮਿਤੀ 31/03/2020 ਤੱਕ ਡੀ.ਸੀ. ਰੇਟ ਤੇ ਲੈਣ ਲਈ 30.00 ਲੱਖ ਰੂਪਏ ਪ੍ਰਤੀ ਮਹੀਨਾ ਆਉਣ ਦੀ ਸੰਭਾਵਨਾ ਹੈ। ਜਿਸਦਾ 6 ਮਹੀਨੇ ਦਾ ਖਰਚਾ ਲਗਭੱਗ 30 × 6 ਮਹੀਨੇ = 1,80,00,000/- ਰੂਪਏ ਬਣਦਾ ਹੈ। ਉਕਤ ਸਾਰੀ ਮੈਨਪਾਵਰ ਸਿਵਾਏ ਪੈਸਕੋਂ ਤੋਂ ਨਗਰ ਨਿਗਮ ਦੇ ਦਫਤਰ ਦੀ ਅਤੇ ਨੇਚਰ ਪਾਰਕ ਦੀ ਸਿਕਓਰਟੀ ਲਈ ਲਏ ਜਾਣ ਵਾਲੇ ਸਿਕਓਰਟੀ ਗਾਰਡ ਅਤੇ ਸਿਕਓਰਟੀ ਸੁਪਰਵਾਈਜਰ ਨਗਰ ਨਿਗਮ ਵੱਲੋਂ ਈ-ਟੈਂਡਰ ਕਾਲ ਕਰਕੇ ਆਊਟਸੋਰਸ ਰਾਹੀਂ ਮੈਨਪਾਵਰ ਲੈਣ ਲਈ ਇਨਲਿਸਟ ਕੀਤੀ ਏਜੰਸੀ ਬੀ.ਸੀ.ਐਲ ਸਿਕਓਰ ਪ੍ਰਮੀਸਸਜ ਪ੍ਰਵਾਈਵੇਟ ਲਿਮਟਡ, ਗੁੜਗਾਓ ਤੋਂ ਡੀ.ਸੀ. ਰੇਟਾਂ ਤੇ ਲਈ ਜਾ ਰਹੀ ਹੈ।

ਉਪਰੋਕਤ ਤੱਥਾਂ ਦੇ ਮੱਦੇਨਜਰ ਉਕਤ ਮੈਨਪਾਵਰ ਮਿਤੀ 01/10/2019 ਤੋਂ ਮਿਤੀ 31/03/2020 ਤੱਕ ਡੀ.ਸੀ. ਰੇਟ ਤੇ ਆਊਟਸੋਰਸ ਰਾਹੀਂ ਲੈਣ ਅਤੇ ਇਸਤੇ ਆਉਣ ਵਾਲੇ ਖਰਚੇ ਲਗਭੱਗ 1.80 ਕਰੋੜ ਰੂਪਏ ਸਲਾਨਾ ਦੀ ਪ੍ਰਵਾਨਗੀ ਦੇਣ ਲਈ ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਤੋਂ ਬਾਅਦ ਹਾਊਸ ਦੇ ਵਿਚਾਰ ਹਿੱਤ ਭੇਜਣ ਲਈ ਪੇਸ਼ ਹੈ ਜੀ।

| | | | | |
|---|---|---|---|---|
| **5** | **519** | **05.08.19** | **ਸ੍ਰੀ ਗੁਰਮੁੱਖ ਸਿੰਘ, ਮਕੈਨੀਕਲ ਫੀਟਰ ਦੀ ਸੇਵਾ ਨਵਿਰਤੀ ਵਿੱਚ ਦੂਜੇ ਸਾਲ ਦਾ ਵਾਧਾ ਦੇਣ ਸਬੰਧੀ।**<br>ਰਿਪੋਰਟ ਸੁਪਰਡੈਂਟ (ਅਮਲਾ) ਕਿ ਸ੍ਰੀ ਗੁਰਮੁੱਖ ਸਿੰਘ, ਮਕੈਨੀਕਲ ਫੀਟਰ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਸ ਦੀ ਰਿਟਾਇਰਮੈਂਟ ਮਿਤੀ 31-08-2018 ਨੂੰ ਡਿਊ ਸੀ ਅਤੇ ਉਸ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੇਵਾ ਨਵਿਰਤੀ ਵਿੱਚ ਪਹਿਲੇ ਸਾਲ ਦਾ ਵਾਧਾ ਸਮਾਂ 01-09-2018 ਤੋਂ 31-08-2019 ਤੱਕ ਲਿਆ ਹੋਇਆ ਹੈ। ਹੁਣ ਉਸ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਹ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਆਪਣੇ ਸੇਵਾਕਾਲ ਵਿੱਚ ਦੂਜੇ ਸਾਲ ਦਾ ਵਾਧਾ ਮਿਤੀ 01-09-2019 ਤੋਂ ਮਿਤੀ 31-08-2020 ਤੱਕ ਕਰਨਾ ਚਾਹੁੰਦਾ ਹੈ।<br>ਉਸ ਵੱਲੋਂ ਲਿਖਿਆ ਗਿਆ ਹੈ ਕਿ ਉਹ ਪੰਜਾਬ ਸਰਕਾਰ ਦੇ ਸਰਕੂਲਰ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ ਅਤੇ ਉਸ ਵੱਲੋਂ ਸਰਕਾਰ ਦੁਆਰਾ ਨਿਰਧਾਰਤ ਪ੍ਰੋਫਾਰਮਾ ਅਨੈਕਸਚਰ-ਅ ਭਰਿਆ ਗਿਆ ਹੈ ਕਿ ਉਹ ਪੰਜਾਬ ਸਰਕਾਰ ਦੇ ਉਪਰੋਕਤ ਪੱਤਰ ਵਿੱਚ ਦਰਜ ਸਾਰੀਆਂ ਸ਼ਰਤਾਂ ਮੰਨਜੂਰ ਕਰਦਾ ਹੈ ਅਤੇ ਇਹਨਾਂ ਦੀ ਪਾਲਨਾ ਕਰਨ ਲਈ ਵਚਨਬੱਧ ਹੈ।<br>ਸ੍ਰੀ ਗੁਰਮੁੱਖ ਸਿੰਘ, ਮਕੈਨੀਕਲ ਫੀਟਰ ਦਾ ਕੰਮ-ਕਾਜ ਤਸੱਲੀਬਖਸ਼ ਹੈ ਅਤੇ ਕਰਮਚਾਰੀ ਵਿਰੁੱਧ ਕੋਈ ਵਿਭਾਗੀ, ਵਿਜੀਲੈਂਸ ਜਾਂ ਕੋਰਟ ਕੇਸ ਆਦਿ ਲੰਬਿਤ ਨਹੀਂ ਹੈ। ਇਸ ਲਈ ਨਿਯਮਾਂ ਅਨੁਸਾਰ ਸ੍ਰੀ ਗੁਰਮੁੱਖ ਸਿੰਘ, ਮਕੈਨੀਕਲ ਫੀਟਰ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਸੇਵਾਕਾਲ ਵਿੱਚ ਦੂਜੇ ਸਾਲ ਦਾ ਵਾਧਾ ਮਿਤੀ ਮਿਤੀ 01-09-2019 ਤੋਂ 31-08-2020 ਤੱਕ ਕਰਨ ਲਈ ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਤੋਂ ਬਾਅਦ ਹਾਉਸ ਦੇ ਵਿਚਾਰ ਹਿੱਤ ਭੇਜਣ ਲਈ ਪੇਸ਼ ਹੈ ਜੀ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |
| **6** | **520** | **05.08.19** | **ਸ੍ਰੀ ਬਲਜੀਤ ਸਿੰਘ, ਬੇਲਦਾਰ ਦੀ ਸੇਵਾ ਨਵਿਰਤੀ ਵਿੱਚ ਦੂਜੇ ਸਾਲ ਦਾ ਵਾਧਾ ਦੇਣ ਸਬੰਧੀ।**<br>ਰਿਪੋਰਟ ਸੁਪਰਡੈਂਟ(ਅਮਲਾ) ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਸ੍ਰੀ ਬਲਜੀਤ ਸਿੰਘ, ਬੇਲਦਾਰ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਸ ਦੀ ਰਿਟਾਇਰਮੈਂਟ ਮਿਤੀ : 31-08-2018 ਨੂੰ ਡਿਊ ਸੀ ਅਤੇ ਉਸ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੇਵਾ ਨਵਿਰਤੀ ਵਿੱਚ ਪਹਿਲੇ ਸਾਲ ਦਾ ਵਾਧਾ ਸਮਾਂ 01-09-2018 ਤੋਂ 31-08-2019 ਤੱਕ ਲਿਆ ਹੋਇਆ ਹੈ। ਹੁਣ ਉਸ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਹ ਸਰਕਾਰ ਦੀਆਂ ਹਦਾਇਤਾਂ ਪੱਤਰ ਨੰ : 22/2/2012-3 ਐਫ.ਪੀ 2/257 ਮਿਤੀ : 30-10-2015 ਰਾਹੀਂ ਅਨੁਸਾਰ ਆਪਣੇ ਸੇਵਾਕਾਲ ਵਿੱਚ ਦੂਜੇ ਸਾਲ ਦਾ ਵਾਧਾ ਮਿਤੀ 01-09-2019 ਤੋਂ ਮਿਤੀ 31-08-2020 ਤੱਕ ਕਰਨਾ ਚਾਹੁੰਦਾ ਹੈ।<br>ਉਸ ਵੱਲੋਂ ਲਿਖਿਆ ਗਿਆ ਹੈ ਕਿ ਉਹ ਪੰਜਾਬ ਸਰਕਾਰ ਦੇ ਸਰਕੂਲਰ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕਰਨ ਦੀ ਪਾਬੰਦ ਹੋਵੇਗਾ ਅਤੇ ਉਸ ਵੱਲੋਂ ਸਰਕਾਰ ਦੁਆਰਾ ਨਿਰਧਾਰਤ ਪ੍ਰੋਫਾਰਮਾ ਅਨੈਕਸਚਰ-ਅ ਭਰਿਆ ਗਿਆ ਹੈ ਕਿ ਉਹ ਪੰਜਾਬ ਸਰਕਾਰ ਦੇ ਉਪਰੋਕਤ ਪੱਤਰ ਵਿੱਚ ਦਰਜ ਸਾਰੀਆਂ ਸ਼ਰਤਾਂ ਮੰਨਜੂਰ ਕਰਦਾ ਹੈ ਅਤੇ ਇਹਨਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੈ।<br>ਸ੍ਰੀ ਬਲਜੀਤ ਸਿੰਘ, ਬੇਲਦਾਰ ਦਾ ਕੰਮ-ਕਾਜ ਤਸੱਲੀਬਖਸ਼ ਹੈ ਅਤੇ ਕਰਮਚਾਰੀ ਵਿਰੁੱਧ ਕੋਈ ਵਿਭਾਗੀ, ਵਿਜੀਲੈਂਸ ਜਾਂ ਕੋਰਟ ਕੇਸ ਆਦਿ ਲੰਬਿਤ ਨਹੀਂ ਹੈ। ਇਸ ਲਈ ਨਿਯਮਾਂ ਅਨੁਸਾਰ ਸ੍ਰੀ ਬਲਜੀਤ ਸਿੰਘ, ਬੇਲਦਾਰ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਸੇਵਾਕਾਲ ਵਿੱਚ ਦੂਜੇ ਸਾਲ ਦਾ ਵਾਧਾ ਮਿਤੀ 01-09-2019 ਤੋਂ 31-08-2020 ਤੱਕ ਕਰਨ ਲਈ ਕੇਸ ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਤੋਂ ਬਾਅਦ ਹਾਉਸ ਦੇ ਵਿਚਾਰ ਹਿੱਤ ਭੇਜਣ ਲਈ ਪੇਸ਼ ਹੈ ਜੀ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| | | | | |
|---|---|---|---|---|
| **7** | **521** | **05.08.19** | **ਸ੍ਰੀ ਜਗਬੀਰ ਸਿੰਘ-2, ਸੈਨੇਟਰੀ ਜਮਾਂਦਾਰ ਦੇ ਸੇਵਾਕਾਲ ਵਿੱਚ ਦੂਜੇ ਸਾਲ ਦਾ ਵਾਧਾ ਕਰਨ ਸਬੰਧੀ।**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਸ੍ਰੀ ਜਗਬੀਰ ਸਿੰਘ-2, ਸੈਨੇਟਰੀ ਜਮਾਂਦਾਰ ਵੱਲੋਂ ਸੇਵਾਕਾਲ ਵਿੱਚ ਦੂਜੇ ਸਾਲ ਦਾ ਵਾਧਾ ਲੈਣ ਲਈ ਮਿਤੀ 30.05.2019 ਨੂੰ ਬੇਨਤੀ ਕੀਤੀ ਗਈ ਹੈ।ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ੍ਰੀ ਜਗਬੀਰ ਸਿੰਘ-2, ਸੈਨੇਟਰੀ ਜਮਾਂਦਾਰ ਦੀ ਰਿਟਾਇਰਮੈਂਟ ਮਿਤੀ 31.08.2018 ਨੂੰ ਸੀ। ਇਸ ਉਪਰੰਤ ਕਰਮਚਾਰੀ ਦੀ ਪਹਿਲੇ ਸਾਲ ਦਾ ਵਾਧਾ ਲੈਣ ਸਬੰਧੀ ਦਿੱਤੀ ਪ੍ਰਤੀ ਬੇਨਤੀ ਨੂੰ ਵਿਚਾਰਦੇ ਹੋਏ ਮਿਤੀ 01.09.2018 ਤੋਂ 31.08.2019 ਤੱਕ ਮਤਾ ਨੰ: 412 (ਅ) ਮਿਤੀ 15.06.2018 ਰਾਹੀਂ ਪਹਿਲੇ ਸਾਲ ਦਾ ਵਾਧਾ ਦੇਣਾ ਪ੍ਰਵਾਨ ਕੀਤਾ ਗਿਆ, ਜਿਸਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਪੰਜਾਬ ਵੱਲੋਂ ਆਪਣੇ ਪੱਤਰ ਨੰ: ਸ5-ਡਸਸ-ਮਸਸ-18/34616 ਮਿਤੀ 03.07.2018 ਰਾਹੀਂ ਦਿੱਤੀ ਗਈ।<br>ਇਸ ਕਰਮਚਾਰੀ ਦੇ ਸੇਵਾਕਾਲ ਵਿੱਚ ਦੂਜੇ ਸਾਲ ਦਾ ਵਾਧਾ ਕਰਨ ਤੋਂ ਪਹਿਲਾਂ ਸਮੂਹ ਬਰਾਂਚਾਂ ਤੋਂ ਕਰਮਚਾਰੀ ਦੇ ਬਕਾਇਆ ਜਾਤ, ਵਿਭਾਗੀ ਵਿਜੀਲੈਂਸ ਇੰਨਕੁਆਰੀ/ ਕੋਰਟ ਕੇਸ ਜਾਂ ਪੈਡਿੰਗ ਆਡਿਟ ਪੈਰ੍ਹਾ ਸਬੰਧੀ ਰਿਪੋਰਟ ਪ੍ਰਾਪਤ ਕੀਤੀ ਗਈ। ਸਮੂਹ ਬਰਾਂਚਾ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਕਰਮਚਾਰੀ ਵਿਰੁੱਧ ਕੋਈ ਬਕਾਇਆ ਜਾਤ, ਵਿਭਾਗੀ ਵਿਜੀਲੈਂਸ ਇੰਨਕੁਆਰੀ/ ਕੋਰਟ ਕੇਸ ਜਾਂ ਪੈਡਿੰਗ ਆਡਿਟ ਪੈਰ੍ਹਾ ਆਦਿ ਲੰਬਿਤ ਨਹੀਂ ਹੈ।ਕਰਮਚਾਰੀ ਦਾ ਕੰਮ-ਕਾਜ ਤਸੱਲੀਬਖਸ਼ ਹੈ।<br>ਉਕਤ ਅਨੁਸਾਰ ਪੰਜਾਬ ਸਰਕਾਰ ਵਿੱਤ ਵਿਭਾਗ ਵੱਲੋਂ ਜਾਰੀ ਪੱਤਰ (ਵਿੱਤ ਪ੍ਰਸੋਨਲ 2 ਸ਼ਾਖਾ) ਨੰ: 22/2/2012 -3 ਐਫ.ਪੀ.2/257 ਮਿਤੀ 30.10.2015 ਅਨੁਸਾਰ ਸ੍ਰੀ ਜਗਬੀਰ ਸਿੰਘ-2, ਸੈਨੇਟਰੀ ਜਮਾਂਦਾਰ ਦੇ ਸੇਵਾਕਾਲ ਵਿੱਚ ਮਿਤੀ 01.09.2019 ਤੋਂ 31.08.2020 ਤੱਕ ਦਾ ਦੂਜੇ ਸਾਲ ਦਾ ਵਾਧਾ ਕਰਨ ਲਈ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |
| **8** | **522** | **05.08.19** | **ਸ੍ਰੀ ਸੋਮਪਾਲ, ਸਫਾਈ ਸੇਵਕ ਦੇ ਪੁੱਤਰ ਸ੍ਰੀ ਪ੍ਰਵੀਨ ਕੁਮਾਰ ਨੂੰ ਤਰਸ ਦੇ ਆਧਾਰ ਤੇ ਸਫਾਈ ਸੇਵਕ ਦੀ ਅਸਾਮੀ ਤੇ ਨਿਯੁਕਤ ਕਰਨ ਸਬੰਧੀ।**<br><br>ਰਿਪੋਰਟ ਸੁਪਰਡੈਂਟ (ਅਮਲਾ) ਵਿਸ਼ੇ ਸਬੰਧੀ ਬੇਨਤੀ ਹੈ ਕਿ ਸ੍ਰੀ ਸੋਮਪਾਲ, ਸਫਾਈ ਸੇਵਕ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਮਿਤੀ 28/04/2019 ਨੂੰ ਅਚਾਨਕ ਮੌਤ ਹੋ ਗਈ ਸੀ। ਸਵਰਗੀਯ ਸ੍ਰੀ ਸੋਮਪਾਲ ਦੇ ਪੁੱਤਰ ਸ੍ਰੀ ਪ੍ਰਵੀਨ ਕੁਮਾਰ ਵਾਸੀ ਮਕਾਨ ਨੰਬਰ 252, ਸੈਕਟਰ-25, ਚੰਡੀਗੜ੍ਹ ਵੱਲੋਂ ਬੇਨਤੀ ਪੱਤਰ ਦਿੱਤਾ ਗਿਆ ਹੈ ਕਿ ਉਸਦੇ ਪਿਤਾ ਸ੍ਰੀ ਸੋਮਪਾਲ, ਸਫਾਈ ਸੇਵਕ ਦੀ ਮਿਤੀ 28/04/2019 ਨੂੰ ਅਚਾਨਕ ਮੌਤ ਹੋ ਗਈ ਸੀ ਅਤੇ ਉਸਦੇ ਪਿਤਾ ਜੀ ਦੀ ਮੌਤ ਤੋਂ ਬਾਅਦ ਉਸਦੇ ਘਰ ਦੀ ਹਾਲਤ ਬਹੁਤ ਖਰਾਬ ਹੈ ਅਤੇ ਘਰ ਦਾ ਖਰਚਾ ਚਲਾਉਣਾ ਬਹੁਤ ਮੁਸ਼ਕਲ ਹੈ। ਇਸ ਲਈ ਉਸਦੇ ਪਰੀਵਾਰ ਦੀ ਮਾਲੀ ਹਾਲਤ ਨੂੰ ਵੇਖਦੇ ਹੋਏ ਉਸਨੂੰ ਉਸਦੇ ਪਿਤਾ ਦੀ ਥਾਂ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਦੀ ਅਸਾਮੀ ਤੇ ਰੱਖਣ ਦੀ ਕ੍ਰਿਪਾਲਤਾ ਕੀਤੀ ਜਾਵੇ। ਇਸ ਤੋਂ ਇਲਾਵਾ ਸ੍ਰੀ ਪ੍ਰਵੀਨ ਕੁਮਾਰ ਪੁੱਤਰ ਸਵਰਗੀਯ ਸ੍ਰੀ ਸੋਮਪਾਲ, ਸਫਾਈ ਸੇਵਕ ਵੱਲੋਂ ਹਲਫਿਆ ਬਿਆਨ ਦਿੱਤਾ ਗਿਆ ਹੈ ਕਿ ਉਸਦੇ ਪਿਤਾ ਦੀ ਮੌਤ ਉਪਰੰਤ ਉਸਨੂੰ ਤਰਸ ਦੇ ਆਧਾਰ ਤੇ ਉਸਦੇ ਪਿਤਾ ਸਵਰਗੀਯ ਸ੍ਰੀ ਸੋਮਪਾਲ ਦੀ ਥਾਂ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਂਦੀ ਹੈ ਤਾਂ ਇਸਤੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਕੋਈ ਇਤਰਾਜ ਨਹੀਂ ਹੈ। ਇਸ ਤੋਂ ਇਲਾਵਾ ਸਵਰਗੀਯ ਸ੍ਰੀ ਸੋਮਪਾਲ, ਸਫਾਈ ਸੇਵਕ ਦੇ ਬਾਕੀ ਪਰਿਵਾਰਕ ਮੈਂਬਰਾਂ ਵੱਲੋਂ ਵੀ ਹਲਫਿਆ ਬਿਆਨ ਦਿੱਤੇ ਗਏ ਹਨ ਕਿ ਜੇਕਰ ਸ੍ਰੀ | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| | | | | |
|---|---|---|---|---|
| | | | ਪ੍ਰਵੀਨ ਕੁਮਾਰ ਨੂੰ ਉਸਦੇ ਸਵਰਗੀਯ ਪਿਤਾ ਦੀ ਥਾਂ ਤਰਸ ਦੇ ਆਧਾਰ ਤੇ ਸਫਾਈ ਸੇਵਕ ਦੀ ਅਸਾਮੀ ਤੇ ਰਖਿੱਆ ਜਾਂਦਾ ਹੈ ਤਾਂ ਉਹਨਾਂ ਨੂੰ ਕੋਈ ਇਤਰਾਜ ਨਹੀਂ ਹੈ।<br>ਇੱਥੇ ਇਹ ਦੱਸਣਯੋਗ ਹੈ ਕਿ ਪੰਜਾਬ ਸਰਕਾਰ ਦੇ ਪਰਸੋਨਲ ਵਿਭਾਗ ਦੇ ਸਰਕੂਲਰ ਪੱਤਰ ਨੰਬਰ 11/27/94-2ਪੀ.ਪੀ.1/12364 ਮਿਤੀ 05/02/1996 ਅਤੇ ਪਰਸੋਨਲ ਵਿਭਾਗ ਦੇ ਪੱਤਰ ਨੰਬਰ 11/105/98-4ਪੀ.ਪੀ.II/14420 ਮਿਤੀ 21/11/2011 ਅਨੁਸਾਰ ਜੇਕਰ ਕਿਸੇ ਕਰਮਚਾਰੀ ਦੀ ਮੌਤ ਉਸਦੇ ਸੇਵਾ ਵਿੱਚ ਹੁੰਦੇ ਹੋਏ ਹੋ ਜਾਂਦੀ ਹੈ ਤਾਂ ਉਸਦੇ ਇਕ ਕਾਨੂੰਨੀ ਵਾਰਸ ਨੂੰ ਤਰਸ ਦੇ ਆਧਾਰ ਤੇ ਦਰਜਾ-3 ਜਾਂ 4 ਦੀ ਅਸਾਮੀ ਤੇ ਨਿਯੁਕਤ ਕੀਤਾ ਜਾ ਸਕਦਾ ਹੈ ਅਤੇ ਡਿਪਟੀ ਕਮਿਸ਼ਨਰ ਦਫਤਰ ਦੇ ਪੱਤਰ ਨੰਬਰ 16588-689/ਐਮ. ਸੀ.-5 ਮਿਤੀ 27/10/2017 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਮਾਨਯੋਗ ਡਿਪਟੀ ਕਮਿਸ਼ਨਰ ਜੀ ਵੱਲੋਂ ਹਦਾਇਤ ਕੀਤੀ ਗਈ ਹੈ ਕਿ " Compassionate Appointment ਦੇਣ ਸਬੰਧੀ (ਜੇਕਰ ਕਿਸੇ ਕੇਸ ਵਿੱਚ ਕੋਈ ਸ਼ਕ ਹੋਵੇ ਜਾਂ ਜਿੱਥੇ ਨਿਰਭਰ ਦਾਅਵੇਦਾਰ ਇੱਕ ਤੋਂ ਵੱਧ ਹੋਣ) ਤਾਂ ਹੀ ਨਿਯੁਕਤੀ ਅਧਿਕਾਰੀ ਅਜਿਹੇ ਕੇਸ ਸਪੱਸ਼ਟ ਕਾਰਨ ਦੱਸਦੇ ਹੋਏ ਜਿਲ੍ਹਾ ਮੈਜਿਸਟਰੇਟ ਨੂੰ ਰੈਫਰ ਕਰ ਸਕਦਾ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬੇਲੋੜੇ ਮੰਤਵ ਲਈ ਕੇਸ ਡਿਪਟੀ ਕਮਿਸ਼ਨਰ ਦਫਤਰ ਨੂੰ ਨਾ ਭੇਜੇ ਜਾਣ। " ਇਸ ਲਈ ਸਵਰਗੀਯ ਸ੍ਰੀ ਸੋਮਪਾਲ, ਸਫਾਈ ਸੇਵਕ ਦੇ ਕੇਸ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ ਨੂੰ ਨਿਰਭਰਤਾ ਸਰਟੀਫਿਕੇਟ ਲੈਣ ਲਈ ਪੱਤਰ ਭੇਜਣ ਦੀ ਜਰੂਰਤ ਨਹੀਂ ਹੈ।<br>ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਵੱਖ-ਵੱਖ ਬਰਾਂਚਾ ਦੀ ਰਿਪੋਰਟ ਅਨੁਸਾਰ ਮ੍ਰਿਤਕ ਸ੍ਰੀ ਸੋਮਪਾਲ, ਸਫਾਈ ਸੇਵਕ ਵਿਰੁੱਧ ਕੋਈ ਬਕਾਇਆ ਜਾਤ, ਕੋਰਟ ਕੇਸ, ਪੈਡਿੰਗ ਇਨਕੁਆਰੀ ਜਾਂ ਆਡਿਟ ਪੈਰਾ ਆਦਿ ਲੰਬਿਤ ਨਹੀਂ ਹੈ। ਮ੍ਰਿਤਕ ਸ੍ਰੀ ਸੋਮਪਾਲ, ਸਫਾਈ ਸੇਵਕ ਦੇ ਵਾਰਸਾਂ ਦੀ ਆਮਦਨ ਦੇ ਸਰੋਤਾਂ ਬਾਰੇ ਸੈਨੀਟੇਸ਼ਨ ਸ਼ਾਖਾ ਤੋਂ ਰਿਪੋਰਟ ਲਈ ਗਈ। ਉਹਨਾਂ ਵੱਲੋਂ ਲਿਖਿਆ ਗਿਆ ਹੈ ਕਿ ਸ੍ਰੀ ਰਣਜੀਤ ਸਿੰਘ, ਸੈਨੇਟਰੀ ਸੁਪਰਵਾਈਜਰ ਵੱਲੋਂ ਮਿਤੀ 08/06/2019 ਨੂੰ ਮ੍ਰਿਤਕ ਸ੍ਰੀ ਸੋਮਪਾਲ ਦੇ ਘਰ ਮਕਾਨ ਨੰਬਰ 252, ਸੈਕਟਰ-25, ਚੰਡੀਗੜ੍ਹ ਵਿਖੇ ਜਾ ਕੇ ਵਿੱਤੀ ਹਾਲਤ ਸਬੰਧੀ ਜਾਇਜਾ ਲਿਆ ਗਿਆ ਅਤੇ ਪਾਇਆ ਗਿਆ ਕਿ ਮ੍ਰਿਤਕ ਸੋਮਪਾਲ, ਸਫਾਈ ਸੇਵਕ ਦੇ ਦੋ ਪੁੱਤਰ ਅਤੇ ਇੱਕ ਪੁੱਤਰੀ ਹੈ, ਜੋ ਸ਼ਾਦੀਸ਼ੁਦਾ ਹਨ। ਮ੍ਰਿਤਕ ਦੇ ਦੋਵੇਂ ਪੁੱਤਰ ਸ੍ਰੀ ਅਰੁਣ ਅਤੇ ਸ੍ਰੀ ਪ੍ਰਵੀਨ ਪ੍ਰਾਈਵੇਟ ਤੌਰ ਤੇ ਕੰਮ ਕਰਦੇ ਹਨ ਅਤੇ ਉਹਨਾਂ ਦਾ ਆਪਣਾ ਮਕਾਨ ਹੈ। ਜਿਸ ਤੋਂ ਜਾਪਦਾ ਹੈ ਕਿ ਮ੍ਰਿਤਕ ਸੋਮਪਾਲ, ਸਫਾਈ ਸੇਵਕ ਦੇ ਘਰ ਦੀ ਵਿੱਤੀ ਹਾਲਤ ਖਾਸ ਚੰਗੀ ਨਹੀਂ ਹੈ।<br>ਮ੍ਰਿਤਕ ਸ੍ਰੀ ਸੋਮਪਾਲ, ਸਫਾਈ ਸੇਵਕ ਦਾ ਪੁੱਤਰ ਸ੍ਰੀ ਪ੍ਰਵੀਨ ਕੁਮਾਰ ਪੜ-ਲਿਖ ਸਕਦਾ ਹੈ। ਇਸ ਲਈ ਸ੍ਰੀ ਪ੍ਰਵੀਨ ਕੁਮਾਰ ਪੁੱਤਰ ਸ੍ਰੀ ਸੋਮਪਾਲ ਨੂੰ ਉਸਦੇ ਪਿਤਾ ਦੀ ਥਾਂ ਤਰਸ ਦੇ ਆਧਾਰ ਤੇ ਸਫਾਈ ਸੇਵਕ ਦੀ ਅਸਾਮੀ ਤੇ ਨਿਯੁਕਤੀ ਲਈ ਵਿਚਾਰਿਆ ਜਾ ਸਕਦਾ ਹੈ ਜੀ।<br>ਉਪਰੋਕਤ ਤੱਥਾਂ ਦੇ ਮੱਦੇਨਜਰ ਜੇਕਰ ਪ੍ਰਵਾਨ ਹੋਵੇ ਤਾਂ ਸ੍ਰੀ ਪ੍ਰਵੀਨ ਕੁਮਾਰ ਪੁੱਤਰ ਸ੍ਰੀ ਸੋਮਪਾਲ, ਸਫਾਈ ਸੇਵਕ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਾਸੀ ਮਕਾਨ ਨੰਬਰ 252, ਸੈਕਟਰ-25, ਚੰਡੀਗੜ੍ਹ ਨੂੰ ਉਸਦੇ ਪਿਤਾ ਮ੍ਰਿਤਕ ਸ੍ਰੀ ਸੋਮਪਾਲ ਦੀ ਥਾਂ ਤੇ ਤਰਸ ਦੇ ਆਧਾਰ ਤੇ ਬਤੌਰ ਸਫਾਈ ਸੇਵਕ ਨਿਯੁਕਤ ਕਰਨ ਤੇ ਵਿਚਾਰ ਕਰਨ ਲਈ ਰਿਪੋਰਟ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਵਿੱਚ ਵਿਚਾਰਨ ਹਿੱਤ ਪੇਸ਼ ਹੈ। | |

| | | | | |
|---|---|---|---|---|
| **9** | **523** | **05.08.19** | **<u>ਦਫਤਰੀ ਰਿਕਾਰਡ ਦੀ ਫੋਟੋਸਟੇਟ ਕਰਵਾਉਣ ਲਈ ਈ-ਟੈਂਡਰ ਕਾਲ ਕਰਕੇ ਠੇਕੇ ਤੇ ਦੇਣ ਸਬੰਧੀ-ਟੈਂਡਰ ਪ੍ਰਕਿਰਿਆ ਦਾ ਕੰਮ ਪੂਰਾ ਹੋਣ ਤੱਕ ਪਹਿਲਾਂ ਕੰਮ ਕਰਦੀ ਅਲਾਟਡ ਫਰਮ ਨੂੰ 80 ਪੈਸੇ ਪ੍ਰਤੀ ਕਾਪੀ ਟੈਂਡਰ ਦੀਆਂ ਸ਼ਰਤਾਂ/ ਰੇਟਾਂ ਤੇ ਦੇਣ ਸਬੰਧੀ</u>।**<br><br>ਰਿਪੋਰਟ ਕੇਅਰ-ਟੇਕਰ ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਇਸ ਸਮੇਂ ਨਗਰ ਨਿਗਮ ਵੱਲੋਂ ਦਫਤਰੀ ਰਿਕਾਰਡ ਦੀ ਫੋਟੋਸਟੇਟ ਕਰਵਾਉਣ ਦਾ ਕੰਮ ਸ੍ਰੀ ਲਖਬੀਰ ਸਿੰਘ, ਮਕਾਨ ਨੰ: 3429, ਸੈਕਟਰ-22 ਡੀ, ਚੰਡੀਗੜ੍ਹ ਨੂੰ 80 ਪੈਸੇ ਪ੍ਰਤੀ ਕਾਪੀ ਦੇ ਹਿਸਾਬ ਨਾਲ ਸਾਲ 2017-18 ਲਈ ਠੇਕੇ ਤੇ ਦਿੱਤਾ ਹੋਇਆ ਸੀ। ਇਸ ਠੇਕੇ ਦੀ ਮਿਆਦ ਵਿੱਚ 25% ਦਾ ਵਾਧਾ ਹਾਊਸ ਦੀ ਪ੍ਰਵਾਨਗੀ ਲੈਣ ਉਪਰੰਤ ਮਿਤੀ 31.05.2018 ਨੂੰ ਖਤਮ ਹੋ ਗਿਆ ਸੀ।ਇਸ ਸਬੰਧੀ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 968 ਮਿਤੀ 17.04.2018 ਰਾਹੀਂ 7.00 ਲੱਖ ਰੁਪਏ ਦੀ ਪ੍ਰਵਾਨਗੀ ਦੇ ਦਿੱਤੇ ਗਈ ਸੀ। ਇਸ ਲਈ ਇਸ ਕੰਮ ਦੇ ਈ-ਟੈਂਡਰ ਇਸ ਦਫਤਰ ਦੇ ਟੈਂਡਰ ਨੋਟਿਸ ਨੰ: 1777 ਮਿਤੀ 14.05.2018 ਰਾਹੀਂ ਕਾਲ ਕੀਤੇ ਗਏ ਸੀ। ਜਦੋਂ ਇਸਦੀ ਟੈਕਨੀਕਲ ਬਿੱਡ ਖੋਲੀ ਗਈ ਤਾਂ ਪਾਇਆ ਗਿਆ ਕਿ ਇਸ ਟੈਂਡਰ ਵਿੱਚ ਸਿਰਫ ਇੱਕ ਫਰਮ ਵੱਲੋਂ ਹੀ ਭਾਗ ਲਿਆ ਗਿਆ ਹੈ, ਜਿਸ ਕਾਰਨ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਟੈਂਡਰ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਿਆ। ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਜੇਕਰ ਇਸ ਕੰਮ ਦੇ ਟੈਂਡਰ ਰੀ-ਕਾਲ ਕੀਤੇ ਜਾਂਦੇ ਤਾਂ ਇਸ ਤੇ ਕਾਫੀ ਸਮਾਂ ਲੱਗ ਜਾਣਾ ਸੀ ਅਤੇ ਦਫਤਰੀ ਰਿਕਾਰਡ ਲਈ ਫੋਟੋਸਟੇਟ ਦਾ ਕੰਮ ਵੀ ਪ੍ਰਭਾਵਿਤ ਹੋਣਾ ਸੀ।ਇਸ ਲਈ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 1030 ਮਿਤੀ 27.07.2018 ਰਾਹੀਂ ਇਸ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਗਈ ਸੀ ਕਿ ਜਦੋਂ ਤੱਕ ਟੈਂਡਰ ਪ੍ਰਕਿਰਿਆ ਦਾ ਕੰਮ ਪੂਰਾ ਨਹੀਂ ਹੋ ਜਾਂਦਾ, ਉਦੋਂ ਤੱਕ ਇਹ ਕੰਮ ਪਹਿਲਾਂ ਕੰਮ ਕਰਦੀ ਆ ਰਹੀ ਅਲਾਟਡ ਫਰਮ ਸ੍ਰੀ ਲਖਬੀਰ ਸਿੰਘ, ਮਕਾਨ ਨੰ: 3429, ਸੈਕਟਰ-22ਡੀ, ਚੰਡੀਗੜ੍ਹ ਨੂੰ 80 ਪੈਸੇ ਪ੍ਰਤੀ ਕਾਪੀ ਨੂੰ ਟੈਂਡਰ ਦੀਆਂ ਸ਼ਰਤਾ ਅਤੇ ਉਸ ਰੇਟਾਂ ਤੇ ਹੀ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਸੀ।ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 1030 ਮਿਤੀ 27.07.2018 ਵਿੱਚ ਹੋਏ ਫੈਸਲੇ ਅਨੁਸਾਰ ਪਹਿਲਾਂ ਕੰਮ ਰਹੀ ਉਕਤ ਫਰਮ ਨੂੰ ਹੀ ਕੰਮ ਅਲਾਟ ਕਰ ਦਿੱਤਾ ਗਿਆ ਸੀ, ਇਸ ਤੋਂ ਬਾਅਦ ਨਵਾਂ ਟੈਂਡਰ ਮਿਤੀ 01.03.2019 ਤੋਂ ਸ਼ੁਰੂ ਹੋ ਗਿਆ ਸੀ।ਮਿਤੀ 01.05.2018 ਤੋਂ 31.08.2018 ਤੱਕ ਉਕਤ ਫਰਮ ਵੱਲੋਂ ਕੀਤੇ ਫੋਟੋਸਟੇਟ ਦੇ ਕੰਮ ਦੇ ਬਿੱਲ ਮੁਬਲਗ 88,498/-ਰੁਪਏ ਦੀ ਅਦਾਇਗੀ ਦੇ ਬਿੱਲ ਆਡਿਟ ਨੂੰ ਪੇਸ਼ ਕੀਤੇ ਗਏ ਤਾਂ ਉਨ੍ਹਾਂ ਵੱਲੋਂ ਜੁਬਾਨੀ ਤੌਰ ਤੇ ਦੱਸਿਆ ਗਿਆ ਕਿ ਉਕਤ ਬਿੱਲਾਂ ਦੀ ਅਦਾਇਗੀ ਦੀ ਪ੍ਰਵਾਨਗੀ ਜਨਰਲ ਹਾਊਸ ਤੋਂ ਲਈ ਜਾਵੇ। ਇਸ ਲਈ ਸ੍ਰੀ ਲਖਬੀਰ ਸਿੰਘ, ਮਕਾਨ ਨੰ: 3429, ਸੈਕਟਰ-22ਡੀ, ਚੰਡੀਗੜ੍ਹ ਵੱਲੋਂ ਮਿਤੀ 01.05.2018 ਤੋਂ 31.08.2018 ਤੱਕ ਇਸ ਦਫਤਰ ਦੇ ਰਿਕਾਰਡ ਦੀ ਕੀਤੀ ਗਈ ਫੋਟੋਸਟੇਟ ਦੇ ਬਿੱਲ ਮੁਬਲਗ 88,498/-ਰੁਪਏ ਦੀ ਅਦਾਇਗੀ ਕਰਨ ਲਈ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| **10** | **524** | **05.08.19** | **ਨਗਰ ਨਿਗਮ,ਐਸ.ਏ.ਐਸ.ਨਗਰ ਦੀ ਹਦੂਦ ਅੰਦਰ ਨਵੇਂ ਬੱਸ ਕਿਉ ਸੈਲਟਰ ਬਨਾਉਣ ਲਈ ਹਾਊਸ ਵੱਲੋਂ ਪਾਸ ਕੀਤੇ ਗਏ ਮਤਾ ਨੰ. 500 ਮਿਤੀ 24/06/2019 ਦੇ ਸਬੰਧ ਵਿੱਚ ਸਰਕਾਰ ਵੱਲੋਂ ਪੱਤਰ ਨੰ. ਸ5-ਡਸਸ-ਮਸਸ-19/31446 ਮਿਤੀ 09/07/2019 ਰਾਂਹੀ ਲਗਾਈ ਸ਼ਰਤ ਸਬੰਧੀ।**<br>ਰਿਪੋਰਟ ਸੁਪਰਡੰਟ (ਐਡਵਰਟਾਈਜਮੈਂਟ) ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਮੈਂਬਰ ਸਾਹਿਬਾਨਾਂ ਦੀ ਮੰਗ ਨੂੰ ਮੱਦੇ ਨਜ਼ਰ ਰੱਖਦੇ ਹੋਏ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਹਦੂਦ ਅੰਦਰ 22 ਨਵੇਂ ਬੱਸ ਕਿਊ ਸੈਲਟਰ ਬਣਾਉਣ ਲਈ ਹਾਊਸ ਵੱਲੋਂ ਮਤਾ ਨੰ. 500 ਮਿਤੀ 24/06/2019 ਸਰਬ ਸੰਮਤੀ ਨਾਲ ਪ੍ਰਵਾਨ ਕਰਕੇ ਸਰਕਾਰ ਨੂੰ ਭੇਜਿਆ ਗਿਆ ਸੀ।ਸਰਕਾਰ ਵੱਲੋਂ ਆਪਣੇ ਪੱਤਰ ਨੰ. ਸ5-ਡਸਸ-ਮਸਸ-19/31446 ਮਿਤੀ 09/07/2019 ਰਾਹੀਂ ਇਸ ਮਤੇ ਸਬੰਧੀ ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ, ਨਗਰ ਨਿਗਮ ਵੱਲੋਂ ਸਰਕਾਰ ਨੂੰ ਭੇਜੇ ਪੱਤਰ ਕਾਰਨ ਲਗਾਏ ਪ੍ਰੇਖਣ/ਸ਼ਰਤ ਦੇ ਮੱਦੇ ਨਜ਼ਰ ਮਾਨਯੋਗ ਮੇਅਰ, ਨਗਰ ਨਿਗਮ ਜੀ ਦੀ ਪ੍ਰਧਾਨਗੀ ਹੇਠ ਮਿਤੀ 30/07/2019 ਨੂੰ ਮੀਟਿੰਗ ਹੋਈ, ਜਿਸ ਵਿੱਚ ਕਮਿਸ਼ਨਰ, ਸੰਯੁਕਤ ਕਮਿਸ਼ਨਰ, ਨਿਗਰਾਨ ਇੰਜੀਨੀਅਰ, ਐਮ.ਟੀ.ਪੀ. ਅਤੇ ਸੁਪਰਡੈਂਟ (ਐਡਵਰਟਾਈਜਮੈਂਟ) ਵੱਲੋਂ ਭਾਗ ਲਿਆ ਗਿਆ।ਜਿਸ ਵਿੱਚ ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ ਵੱਲੋਂ ਸਰਕਾਰ ਨੂੰ ਲਿਖੇ ਪੱਤਰ ਤੇ ਵਿਚਾਰ ਕੀਤਾ ਗਿਆ।ਜਿਸ ਦੇ ਸਬੰਧ ਵਿੱਚ ਕਮਿਸ਼ਨਰ,ਨਗਰ ਨਿਗਮ ਜੀ ਵੱਲੋਂ ਦੱਸਿਆ ਗਿਆ ਕਿ ਸ੍ਰੀ ਸੇਠੀ ਵੱਲੋਂ ਪਹਿਲਾਂ ਬਣੇ 33 ਬੱਸ ਕਿਊ ਸੈਲਟਰਾਂ ਸਬੰਧੀ ਚੀਫ ਵਿਜੀਲੈਂਸ ਅਫਸਰ, ਸਥਾਨਕ ਸਰਕਾਰ ਨੂੰ ਪਹਿਲਾਂ ਵੀ ਅਜਿਹੀ ਸ਼ਿਕਾਇਤ ਕੀਤੀ ਗਈ ਸੀ, ਜੋ ਕਿ ਦਾਖਲ ਦਫਤਰ ਹੋ ਚੁੱਕੀ ਹੈ। ਲੋੜੀਂਦੇ ਬੱਸ ਕਿਉ ਸੈਲਟਰ ਨਾ ਹੋਣ ਕਰਕੇ ਆਮ ਪਬਲਿਕ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਰਕੇ ਇਲਾਕੇ ਦੇ ਚੁਣੇ ਹੋਏ ਮਿਉਂਸਪਲ ਕੌਂਸਲਰਾਂ ਵੱਲੋਂ ਬੱਸ ਕਿਊ ਸੈਲਟਰ ਬਣਾਉਣ ਸਬੰਧੀ ਲਿਖਤੀ ਰੂਪ ਵਿੱਚ ਦਿੱਤਾ ਗਿਆ ਹੈ ਕਿ ਨਗਰ ਨਿਗਮ ਦੀ ਹਦੂਦ ਅੰਦਰ ਜਿਨ੍ਹਾਂ ਰੂਟਾਂ ਤੇ ਸੀ.ਟੀ.ਯੂ ਦੀਆਂ ਬੱਸਾਂ ਚਲਦੀਆ ਹਨ, ਉਹਨਾਂ ਵਿਚੋਂ ਕਾਫੀ ਰੂਟਾਂ ਤੇ ਸਵਾਰੀਆ ਚੜਾਉਣ/ਉਤਾਰਨ ਲਈ ਬੱਸ ਕਿਊ ਸੈਲਟਰ ਨਹੀ ਬਣੇ ਹੋਏ, ਜਿਸ ਕਾਰਨ ਲੋਕਾਂ ਨੂੰ ਧੁੱਪ,ਮੀਂਹ ਅਤੇ ਸਰਦੀ ਵਿੱਚ ਖੁੱਲੇ ਅਸਮਾਨ ਦੇ ਨੀਚੇ ਖੜੇ ਹੋਣ ਲਈ ਮਜ਼ਬੂਰ ਹੋਣਾ ਪੈਂਦਾ ਹੈ, ਪਬਲਿਕ ਹਿੱਤ ਵਿੱਚ ਇਹ ਬੱਸ ਕਿਊ ਬਨਣੇ ਅਤਿ ਜ਼ਰੂਰੀ ਹਨ ਤਾਂ ਜੋ ਲੋਕਾਂ ਨੂੰ ਰਾਹਤ ਦਿੱਤੀ ਜਾ ਸਕੇ।<br>ਮਿਉਂਸਪਲ ਕੌਂਸਲਰਾਂ ਦੀ ਮੰਗ ਅਤੇ ਪਬਲਿਕ ਹਿੱਤ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਕਿ ਇਹ ਬੱਸ ਕਿਊ ਸੈਲਟਰ ਬਣਾਏ ਜਾਣੇ ਅਤਿ ਜ਼ਰੂਰੀ ਹਨ।ਨਗਰ ਨਿਗਮ ਵੱਲੋਂ ਇਹਨਾਂ ਬੱਸ ਕਿਊ ਸ਼ੈਲਟਰਾਂ ਨੂੰ ਬੀ.ਓ.ਟੀ. ਆਧਾਰ ਤੇ ਬਨਵਾਉਣ ਲਈ ਪਹਿਲਾਂ ਹੀ ਉਕਤ ਮਤੇ ਰਾਹੀਂ ਪ੍ਰਵਾਨਗੀ ਦਿੱਤੀ ਹੋਈ ਹੈ।ਇਸ ਤਰ੍ਹਾਂ ਨਗਰ ਨਿਗਮ ਵੱਲੋਂ ਵੀ ਆਪਣੇ ਫੰਡਾਂ ਵਿੱਚੋਂ ਕੋਈ ਖਰਚਾ ਨਹੀਂ ਕਰਨਾ ਪਵੇਗਾ।<br>ਜਿਸ ਤੇ ਮੇਅਰ ਸਾਹਿਬ ਵੱਲੋਂ ਟਾਊਨ ਪਲਾਨਿੰਗ ਸ਼ਾਖਾ ਨੂੰ ਹਦਾਇਤ ਕੀਤੀ ਗਈ ਕਿ ਬਨਣ ਵਾਲੇ ਬੱਸ ਕਿਊ ਸੈਲਟਰਾਂ ਲਈ ਸੂਟੇਬਲ ਸਾਈਟਾ ਦੀ ਪਹਿਚਾਣ ਕੀਤੀ ਜਾਵੇ ਤਾਂ ਜੋ ਬੱਸ ਕਿਊ ਸੈਲਟਰ ਵਾਲੀ ਥਾਂ ਤੇ ਦਰੱਖਤਾਂ/ਵਾਟਰ ਸਪਲਾਈ/ਸੀਵਰ/ਸਟਾਰਮ ਵਾਟਰ/ਅੰਡਰ ਗਰਾਉਂਡ ਪਈਆਂ ਕੇਬਲਾਂ/ਪਾਇਪਾਂ ਨੂੰ ਕੋਈ ਨੁਕਸਾਨ ਨਾ ਹੋਵੇ, ਰੋਡ ਸੇਫਟੀ ਵਿੱਚ ਕੋਈ ਰੁਕਾਵਟ ਨਾ ਆਵੇ/ਰੋਡ ਸੇਫਟੀ ਦੇ ਰੂਲਾਂ ਦੀ ਕੋਈ ਉਲੰਘਣਾ ਨਾ ਹੋਵੇ ਅਤੇ ਬੱਸ ਕਿਊ ਸੈਲਟਰ ਲਈ ਸਾਈਟਾਂ ਟੈਂਡਰ ਕਾਲ ਕਰਨ ਤੋਂ ਪਹਿਲਾਂ ਨਿਰਧਾਰਤ ਕੀਤੀਆਂ ਜਾਣ। ਇਹ ਨਵੇਂ ਬਣਾਏ ਜਾਣ ਵਾਲੇ ਬੱਸ ਕਿਊ ਸੈਲਟਰ ਸ਼ਹਿਰ ਵਿੱਚ ਪਹਿਲਾਂ ਬਣੇ 33 ਬੱਸ ਕਿਊ ਸੈਲਟਰਾਂ ਦੀਆ ਸਪੈਸੀਫਿਕੇਸ਼ਨਾਂ ਅਤੇ ਡਿਜਾਇਨ ਅਨੁਸਾਰ ਬਣਾਏ ਜਾਣ ਤਾਂ ਜੋ ਇਕਸਾਰਤਾ ਬਣੀ ਰਹੇ।<br>ਸੋ ਹਾਊਸ ਦੇ ਮਤਾ ਨੰ. 500 ਮਿਤੀ 24/06/2019 ਅਨੁਸਾਰ ਨਗਰ ਨਿਗਮ ਦੀ ਹਦੂਦ ਅੰਦਰ ਬੀ.ਓ.ਟੀ. ਬੇਸਿਜ਼ ਤੇ ਐਡਵਰਟਾਈਜਮੈਂਟ ਚਾਰਜਿਜ (ਰਿਜਰਵ ਕੀਮਤ) 8,000/-ਰੁਪਏ ਪ੍ਰਤੀ ਬੱਸ ਕਿਊ ਸ਼ੈਲਟਰ ਪ੍ਰਤੀ ਮਹੀਨਾ ਨਿਰਧਾਰਤ ਕਰਦੇ ਹੋਏ ਨਵੇਂ ਬੱਸ ਕਿਊ ਸ਼ੈਲਟਰ ਬਨਾਉਣ ਲਈ ਉਕਤ ਰਿਪੋਰਟ ਹਾਊਸ ਦੇ ਮੁੜ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਇਸ ਸਬੰਧੀ ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ ਵੱਲੋਂ ਕਿਹਾ ਗਿਆ ਕਿ ਉਹਨਾਂ ਨੂੰ ਨਵੇਂ ਬੱਸ ਕਿਊ ਸੈਲਟਰ ਬਣਾਉਣ ਵਿੱਚ ਕੋਈ ਇਤਰਾਜ਼ ਨਹੀ ਹੈ, ਪਰੰਤੂ ਸਾਈਟਾਂ ਦੀ ਸਨਾਖਤ ਗਮਾਡਾ ਤੋਂ ਕਰਵਾ ਲਈ ਜਾਵੇ।<br>ਜਿਸ ਤੇ ਮੇਅਰ,ਨਗਰ ਨਿਗਮ ਜੀ ਵੱਲੋਂ ਕਿਹਾ ਗਿਆ ਕਿ ਮੈਂਬਰਾਂ ਵੱਲੋਂ ਦੱਸੇ ਅਨੁਸਾਰ, ਜਿੱਥੇ ਬੱਸਾਂ ਰੁਕਦੀਆਂ ਹਨ ਅਤੇ ਤਜਵੀਜ਼ ਵਿੱਚ ਦਰਸਾਏ ਰੂਲਾਂ ਦੀ ਉਲੰਘਣਾ ਨਾ ਹੁੰਦੀ ਹੋਵੇ, ਉਥੇ ਬੱਸ ਕਿਊ ਸੈਲਟਰ ਬਣਾਉਣੇ ਸ਼ੁਰੂ ਕਰ ਦਿੱਤੇ ਜਾਣ। ਜੇਕਰ ਗਮਾਡਾ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ/ਇਤਰਾਜ ਹੋਵੇਗਾ ਤਾਂ ਉਹ ਜਗ੍ਹਾਂ ਬਦਲ ਦਿੱਤੀ ਜਾਵੇਗੀ, ਪਰੰਤੂ ਮਿਉਂਸਪਲ ਕੌਂਸਲਰਾਂ ਅਤੇ ਪਬਲਿਕ ਹਿੱਤ ਵਿੱਚ ਇਹ ਬੱਸ ਕਿਊ ਸੈਲਟਰ ਬਣਾਏ ਜਾਣੇ ਅਤਿ ਜ਼ਰੂਰੀ ਹਨ<br>ਇਹ ਤਜਵੀਜ਼ ਸਰਬ ਸੰਮਤੀ ਨਾਲ ਪ੍ਰਵਾਨ ਹੈ। |

<table>
<tr>
<td>11</td>
<td>525</td>
<td>05.08.19</td>
<td>

**ਇੰਡਸਟਰੀਆਲ ਏਰੀਆ ਫੇਜ-3, 6 ਅਤੇ 7 ਵਿਖੇ ਕੰਕਰੀਟ ਪਲਾਟਾਂ ਵੱਲੋਂ ਰੋਡ ਡੈਮੇਜ ਕਰਨ ਸਬੰਧੀ**

ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਇੰਡ: ਏਰੀਆ ਫੇਜ-3, 6 ਅਤੇ 7 ਵਿਖੇ ਪੈਦੇ ਹੇਠ ਲਿਖੇ ਕੰਕਰੀਟ ਪਲਾਟਾਂ ਦੀਆਂ ਗੱਡੀਆਂ ਦੀ ਆਵਾਜਾਈ ਅਤੇ ਇਹਨਾਂ ਵੱਲੋਂ ਰਿਸਣ ਵਾਲੇ ਪਾਣੀ ਕਾਰਨ ਨਗਰ ਨਿਗਮ ਦੀਆਂ ਇੰਡ: ਏਰੀਆ ਵਿਖੇ ਇਹਨਾ ਪਲਾਟਾਂ ਦੇ ਨੇੜੇ ਪੈਦੀਆਂ ਸੜਕਾ ਨੂੰ ਬਹੁਤ ਜਿਆਦਾ ਨੁਕਸਾਨ ਹੋ ਰਿਹਾ ਹੈ।

<table>
<tr><td>ਲੜੀ ਨੰ:</td><td>ਪਲਾਟ ਦਾ ਨੰ:</td><td>ਪਲਾਂਟ ਦਾ ਨਾਮ</td></tr>
<tr><td>1)</td><td>B-33 Industrial Area Ph-3</td><td>Ultra Tech Cement Plant</td></tr>
<tr><td>2)</td><td>B-34 Industrial Area Ph-3</td><td>NUVOCO Vistas Corp Ltd.</td></tr>
<tr><td>3)</td><td>C-103 Industrial Area Ph-7</td><td>Prism RMC</td></tr>
<tr><td>4)</td><td>C-107 Industrial Area Ph-7</td><td>ACC Plant</td></tr>
<tr><td>5)</td><td>B-50 Industrial Area Ph-6</td><td>J.K. Laxmi plant</td></tr>
</table>

ਉਪਰੋਕਤ ਸੜਕਾਂ ਦੀ ਮਾੜੀ ਹਾਲਤ ਸਬੰਧੀ ਕੌਂਸਲਰ, ਇੰਡਸਟਰੀਅਲ ਐਸੋਸੀਏਸ਼ਨ ਅਤੇ ਆਮ ਲੋਕਾਂ ਵੱਲੋਂ ਵੀ ਸਮੇਂ ਸਿਕਾਇਤ ਕੀਤੀ ਜਾਦੀ ਹੈ। ਕਈ ਵਾਰ ਜੁਬਾਨੀ ਤੋਰ ਤੇ ਕਹਿਣ ਦੇ ਬਾਵਜੂਦ ਵੀ ਇਹਨਾ ਪਲਾਟ ਦੇ ਮਾਲਕਾਂ ਵੱਲੋਂ ਇਸ ਸਮੱਸਿਆ ਦੇ ਹੱਲ ਵੱਲ ਕੋਈ ਧਿਆਨ ਨਹੀ ਦਿੱਤਾ ਜਾ ਰਿਹਾ।

ਾਮ ਲੋਕਾਂ ਨੂੰ ਆ ਰਹੀ ਮੁਸਕਿਲ ਅਤੇ ਨਗਰ ਨਿਗਮ ਦੀ ਪ੍ਰੋਪਰਟੀ ਨੂੰ ਨੁਕਸਾਨ ਪੁਹੰਚਾਉਣ ਕਾਰਨ ਇਹਨਾਂ ਪਲਾਟਾਂ ਵਿਰੁਧ ਬਣਦੀ ਯੋਗ ਕਾਰਵਾਈ ਲਈ ਕੇਸ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਹਿੱਤ ਪੇਸ਼ ਹੈ

</td>
<td>ਇਸ ਸਬੰਧੀ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸਬੰਧਤ ਪਲਾਂਟਾਂ ਦੇ ਮਾਲਕਾਂ ਨੂੰ ਨੋਟਿਸ ਦਿੱਤਾ ਜਾਵੇ ਕਿ ਜਾਂ ਤਾਂ ਉਹ ਇੱਕ ਮਹੀਨੇ ਦੇ ਅੰਦਰ-ਅੰਦਰ ਟੁੱਟੀਆਂ ਸੜਕਾਂ ਬਣਾਉਣ ਲਈ ਅੰਡਰਟੇਕਿੰਗ ਦੇਣਗੇ ਜਾਂ ਇਹਨਾਂ ਸੜਕਾਂ ਦੀ ਰਿਪੇਅਰ ਤੇ ਜੋ ਖਰਚਾ ਆਵੇਗਾ, ਉਨੀ ਰਕਮ ਨਗਰ ਨਿਗਮ ਵਿਖੇ ਜਮ੍ਹਾਂ ਕਰਵਾਉਣਗੇ, ਨਹੀ ਤਾਂ ਉਹਨਾਂ ਦੇ ਬਿਜਲੀ ਦੇ ਕੂਨੈਕਸ਼ਨ ਕੱਟਣ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇ।</td>
</tr>
<tr>
<td>12</td>
<td>526</td>
<td>05.08.19</td>
<td>

**ਸ਼ਹਿਰ ਵਿੱਚ ਦਰੱਖਤਾਂ ਦੀ ਦੇਖਭਾਲ ਸਬੰਧੀ।**

ਰਿਪੋਰਟ ਇੰਜੀਨੀਅਰਿਗ ਸ਼ਾਖਾ (ਬਾਗਬਾਨੀ) ਕਿ ਮਹਿਕਮਾ ਗਮਾਡਾ ਨੇ ਨਗਰ ਨਿਗਮ ਨੂੰ ਮਿਤੀ: 01-06-2017 ਤੋਂ ਹਾਰਟੀਕਲਚਰ ਸਾਖਾ ਦੇ ਸਾਰੇ ਕੰਮ ਮੈਨਟੀਨੇਂਸ ਲਈ ਹੈਂਡ ਓਵਰ ਕੀਤੇ ਗਏ ਸਨ। ਨਗਰ ਨਿਗਮ ਮਿਤੀ: 01-06-2017 ਰਾਂਹੀ ਸ਼ਹਿਰ ਦੇ ਸਾਰੇ ਪਾਰਕਾਂ ਵਿੱਚ ਅਤੇ ਸੜਕਾ ਤੇ ਲੱਗੇ ਦਰੱਖਤਾਂ ਦੀ ਦੇਖਭਾਲ ਕੀਤੀ ਜਾ ਰਹੀ ਹੈ। ਸ਼ਹਿਰ ਵਿੱਚ ਸਾਰੇ ਦਰੱਖਤ 20 ਸਾਲ ਤੋਂ ਪਹਿਲਾਂ ਦੇ ਲੱਗੇ ਹੋਏ ਹਨ। ਜਿਹਨਾਂ ਕਰਕੇ ਇਹਨਾਂ ਦਰੱਖਤਾਂ ਦੀ ਗਰੋਥ ਬਹੁਤ ਹੋ ਚੁੱਕੇ ਹੈ ਅਤੇ ਕਈ ਦਰੱਖਤ 40-50 ਫੁੱਟ ਤੋ ਉਪਰ ਵੀ ਹੋ ਚੁੱਕੇ ਹਨ।

ਨਗਰ ਨਿਗਮ ਦੇ ਦਫ਼ਤਰ ਵਿਖੇ ਇਹਨਾਂ ਦਰੱਖਤਾ ਦੀ ਸਮੱਸਿਆ ਸਬੰਧੀ ਰੋਜਾਨਾ ਕਾਫੀ ਸਿਕਾਇਤਾ ਪ੍ਰਾਪਤ ਹੋ ਰਹੀਆਂ ਹਨ। ਇਸ ਤੋ ਇਲਾਵਾ ਅੱਜ ਕੱਲ ਬਰਸਾਤ/ਤੇਜ ਤੂਫਾਨ ਕਾਰਨ ਕਈ ਥਾਵਾਂ ਤੇ ਦਰੱਖਤ ਡਿੱਗ ਜਾਂਦੇ ਹਨ। ਜਿਸ ਕਾਰਨ ਕੋਈ ਅਣਸੁਖਾਵੀ ਘਟਨਾ ਹੋਣ ਦਾ ਖਤਰਾ ਹੋਣ ਬਣਿਆ ਰਹਿੰਦਾ ਹੈ। ਪਿਛਲੇ 2 ਸਾਲਾਂ ਵਿੱਚ ਕਈ ਦਰੱਖਤ ਟੁੱਟ ਕੇ ਡਿਗ ਗਏ ਜਿਸ ਕਾਰਨ ਬਿਜਲੀ ਦੀ ਲਾਈਨਾਂ ਦਾ ਨੁਕਸਾਨ ਹੋਇਆ, ਪੋਲ ਵੀ ਟੁੱਟ ਗਏ ਅਤੇ ਕਈ ਦਰੱਖਤ ਕਾਰਾਂ ਤੇ ਵੀ ਡਿੱਗ ਪਏ, ਜਿਸ ਨਾਲ ਕਾਫੀ ਨੁਕਸਾਨ ਹੋਇਆ।

ਇਥੇ ਇਹ ਦੱਸਿਅ ਜਾਂਦਾ ਹੈ ਕਿ ਨਗਰ ਨਿਗਮ ਵੱਲੋ ਪਬਲਿਕ ਦੀ ਸਿਕਾਇਤਾਂ ਤੇ ਦਰੱਖਤਾਂ ਦੀ ਸਿਰਫ਼

</td>
<td>ਇਸ ਤਜਵੀਜ਼ ਸਬੰਧੀ ਸਰਬ ਸੰਮਤੀ ਨਾਲ ਹੇਠ ਲਿਖੇ ਅਨੁਸਾਰ ਫੈਸਲੇ ਕੀਤੇ ਗਏ:-<br>1) ਦਰੱਖਤਾਂ ਦੀ ਪਰੂਨਿੰਗ ਕਰਨ ਸਬੰਧੀ ਬਾਗਬਾਨੀ ਵਿਭਾਗ ਤੋਂ ਨਾਰਮਜ਼ ਫਿਕਸ ਕਰਵਾਏ ਜਾਣ।<br>2) ਹਰੇ ਭਰੇ ਪ੍ਰਫੁਲਿਤ ਦਰੱਖਤਾਂ ਜਿਹਨਾਂ ਦੀ ਉਚਾਈ 40-50 ਫੁੱਟ ਤੋ ਵੱਧ ਹੈ, ਉਹਨਾ ਬਾਰੇ ਨੈਸ਼ਨਲ ਗਰੀਨ ਟ੍ਰਿਬਿਊਨ ਅਤੇ ਵਣ ਵਿਭਾਗ ਤੋਂ ਅਗਵਾਈ ਲੈ ਲਈ ਜਾਵੇ।<br>3) ਜੋ ਦਰੱਖਤ ਪੁਰਾਣੇ/ਸਿਉਂਕ</td>
</tr>
</table>

| | | | | |
|---|---|---|---|---|
| | | | ਪਰੂਨਿੰਗ ਕੀਤੀ ਜਾਂਦੀ ਹੈ, ਪ੍ਰੰਤੂ ਜਿਹੜੇ ਦਰੱਖਤ ਕਾਫੀ ਉਚੇ ਅਤੇ ਵੱਡੇ ਹੋ ਗਏ ਹਨ, ਉਹਨਾਂ ਦੀ ਸਮੱਸਿਆ ਜਿਉਂ ਦੀ ਤਿਉ ਬਣੀ ਹੋਈ ਹੈ। ਨਗਰ ਨਿਗਮ ਦਫਤਰ ਵਿਖੇ ਦਰੱਖਤਾਂ ਸਬੰਧੀ ਕਾਫੀ ਸਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ। ਇਸ ਸਮੱਸਿਅ ਦਾ ਹੱਲ ਕੱਢਣਾ ਅਤਿ ਜਰੂਰੀ ਹੈ।<br>ਇਥੇ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਹਦੂਦ ਅੰਦਰ ਦਰੱਖਤਾਂ ਦੀ Custodian ਨਗਰ ਨਿਗਮ ਹੈ। ਪੰਜਾਬ ਕਾਰਪੋਰੇਸ਼ਨ ਮਿਉਂਸਪਲ ਐਕਟ 1976 ਦੀ ਧਾਰਾ 329 ਜੋ ਕਿ ਹੇਠ ਲਿਖੇ ਅਨੁਸਾਰ:-<br>" Power to require buildings, wells, etc., to be rendered safe.- Where any building, or wall, or anything affixed thereto, or any well, tank, reservoir, pool, de-pression, or excavation, or any bank or tree is, in the opinion of the Commissioner, in a ruinous state, for want of sufficient repairs, protection or enclosure, a nuisance or dangerous to persons passing by or dwelling or working in the neighbourhood,the Commissioner may by notice in writing require the owner or part-owner or person claiming to be the owner or part-owner thereof or failing any of them the occupier thereof to remove the same or may require him to repair, protect or enclose the same in such manner as he thinks necessary; and if the danger is, in the opinion of the Commissioner, imminent, he shall forthwith take such steps as he thinks necessary to avert the same."<br><br>ਕਾਰਵਾਈ ਕੀਤੀ ਜਾ ਸਕਦੀ ਹੈ।ਇਸ ਸਮੇਂ ਦਰੱਖਤਾਂ ਦੀ ਕਟਾਈ ਛੰਗਾਈ ਦੇ ਕੋਈ ਵੀ norms ਨਹੀ ਹੈ। ਜਿਸ ਹਿਸਾਬ ਨਾਲ ਇਹਨਾ ਦਰੱਖਤਾਂ ਦਾ ਹੱਲ ਕੀਤਾ ਜਾ ਸਕੇ। ਕਿਸੀ ਵੀ ਦਰੱਖਤ ਨੂੰ ਕੱਟਣ ਤੋਂ ਪਹਿਲਾਂ ਉਸਦੀ ਲੱਕੜ ਦਾ ਮੁੱਖ ਪਾਇਆ ਜਾਣਾ ਬਣਦਾ ਹੈ, ਜੋ ਕਿ ਵਣ ਵਿਭਾਗ ਵੱਲੋਂ ਪਾਇਆ ਜਾਂਦਾ ਹੈ। ਨਗਰ ਨਿਗਮ ਪਾਸ ਅਜਿਹਾ ਕੋਈ ਤਜ਼ਰਬੇਕਾਰ ਸਟਾਫ ਨਹੀ ਹੈ, ਜੋ ਇਸਦਾ ਮੁੱਲ ਪਾ ਸਕੇ। ਸ਼ਹਿਰ ਵਿੱਚ ਲੱਗੇ ਦਰੱਖਤ ਵਾਤਾਵਰਣ ਅਨੁਕੂਲ ਹਨ। ਆਮ ਬੰਦੇ ਦੀ ਜਿੰਦਗੀ ਜਿਉਣ ਲਈ ਦਰੱਖਤ ਹੋਣੇ/ਗਰੀਨਰੀ ਬਹੁਤ ਜਰੂਰੀ ਹੈ।ਪੰਜਾਬ ਸਰਕਾਰ ਵੱਲੋਂ ਵੀ ਗਰੀਨਰੀ ਨੂੰ ਮੇਨਟੈਂਨ ਕਰਨ ਲਈ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ, ਪ੍ਰੰਤੂ ਸ਼ਹਿਰ ਵਿੱਚ ਕਾਫੀ ਵੱਡੇ, ਸੁੱਕੇ, ਪੁਰਾਣੇ ਦਰੱਖਤ ਹਨ। ਉਹਨਾਂ ਤੇ ਵੀ ਫੈਸਲਾ ਲੈਣਾ ਅਤਿ ਜਰੂਰੀ ਹੈ। ਇਹਨਾਂ ਦਰੱਖਤਾਂ ਨੂੰ ਕੱਟਣ National Green Tribunal ਦੀਆਂ ਹਦਾਇਤਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ, ਇਨ੍ਹਾ ਦਰੱਖਤਾਂ ਦੀ ਸਮੱਸਿਆ ਤੇ ਫੈਸਲਾ ਲੈਣਾ ਜਰੂਰੀ ਹੈ। ਜਿਨ੍ਹਾ ਤੱਥਾ ਤੇ ਫੈਸਲਾ ਲਿਆ ਜਾਣਾ ਹੈ। ਉਹ ਤੱਥ ਹੇਠ ਲਿਖੇ ਅਨੁਸਾਰ ਹਨ:-<br>1) ਪਰੂਨਿੰਗ ਕਰਨ ਦੇ norms ਫਿਕਸ ਕਰਨ।<br>2) ਸੁੱਕੇ ਦਰੱਖਤਾਂ ਤੇ ਫੈਸਲਾ ਲੈਣ ਸਬੰਧੀ।<br>3) ਹਰੇ ਭਰੇ ਪ੍ਰਫੂਲਿਤ ਦਰੱਖਤਾਂ ਜਿਹਨਾਂ ਦੀ ਉਚਾਈ 40-50 ਫੁੱਟ ਤੋ ਵੱਧ ਹੈ।<br>4) ਸੁੱਕੇ ਅਤੇ ਹਰੇ ਦਰੱਖਤਾਂ ਦੀ ਕੀਮਤ ਨਿਰਧਾਰਤ ਕਰਨੀ।<br>ਉਕਤ ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | ਲੱਗੇ ਹਨ ਜਾਂ ਪਬਲਿਕ ਲਈ ਖਤਰਨਾਕ ਹਨ, ਉਹਨਾਂ ਦਾ ਸਰਵੇ ਕਰਕੇ ਨੰਬਰਿੰਗ ਕੀਤੀ ਜਾਵੇ ਅਤੇ ਉਹਨਾਂ ਦਾ ਵਣ ਵਿਭਾਗ ਤੋਂ ਮੁੱਲ ਤੈਹ ਕਰਵਾ ਕੇ ਨੀਲਾਮੀ ਕਰ ਦਿੱਤੀ ਜਾਵੇ।ਇਹਨਾਂ ਦਰੱਖਤਾਂ ਦੀ ਥਾਂ ਤੇ ਰੂਲਾਂ/ਨਾਰਮਜ਼ ਅਨੁਸਾਰ ਨਵੇਂ ਪੌਦੇ ਲਗਾਏ ਜਾਣ। |

| | | | | |
|---|---|---|---|---|
| 13 | 527 | 05.08.19 | **ਸਫੈਦੇ ਦੇ ਦਰੱਖਤਾਂ ਨੂੰ ਹਟਾਉਣ ਸਬੰਧੀ।**<br><br>ਰਿਪੋਰਟ ਇੰਜੀਨੀਅਰਿਗ ਸ਼ਾਖਾ (ਬਾਗਬਾਨੀ) ਕਿ ਮਹਿਕਮਾ ਗਮਾਡਾ ਨੇ ਨਗਰ ਨਿਗਮ ਨੂੰ ਮਿਤੀ: 01-06-2017 ਤੋਂ ਹਾਰਟੀਕਲਚਰ ਸਾਖਾ ਦੇ ਸਾਰੇ ਕੰਮ ਮੈਨਟੇਨ ਲਈ ਦੇ ਦਿੱਤੇ ਗਏ ਸੀ। ਨਗਰ ਨਿਗਮ ਮਿਤੀ: 01-06-2017 ਰਾਂਹੀ ਸ਼ਹਿਰ ਦੇ ਸਾਰੇ ਪਾਰਕਾਂ ਵਿੱਚ ਲੱਗੇ ਦਰੱਖਤਾਂ ਅਤੇ ਸੜਕਾ ਤੇ ਲੱਗੇ ਦਰੱਖਤਾਂ ਦੀ ਦੇਖਭਾਲ ਕਰ ਰਹੀ ਹੈ। ਸ਼ਹਿਰ ਵਿੱਚ ਕਈ ਥਾਵਾਂ ਤੇ ਸਫੈਦੇ ਦੇ ਦਰੱਖਤ ਖੜ੍ਹੇ ਹਨ, ਜਿਹਨਾਂ ਦੀ ਕੁੱਲ ਗਿਣਤੀ 542 ਹੈ। ਸਫੈਦੇ ਦੇ ਡਿੱਗਣ ਨਾਲ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੋ ਸਕਦਾ ਹੈ। ਇਹ ਦਰੱਖਤ ਜ਼ਮੀਨ ਵਿਚੋਂ ਕਾਫੀ ਮਾਤਰਾ ਵਿੱਚ ਪਾਣੀ ਵੀ ਲੈਂਦੇ ਹਨ, ਜਿਸ ਕਾਰਨ ਗਰਾਊਡ ਵਾਟਰ ਲੈਵਲ ਵੀ ਘੱਟ ਸਕਦਾ ਹੈ। ਇਥੇ ਦੱਸਿਆ ਜ਼ਾਂਦਾ ਹੈ ਕਿ ਸ਼ਹਿਰ ਵਿੱਚ ਲੱਗੇ ਵੱਖ ਵੱਖ ਦਰੱਖਤਾ ਦੀ Custodian ਨਗਰ ਨਿਗਮ ਹੈ। ਮਿਉਂਸਪਲ ਐਕਟ 1976 ਦੀ ਧਾਰਾ 329 ਤਹਿਤ ਇਨ੍ਹਾ ਦਰੱਖਤਾਂ ਨੂੰ ਹਟਾਇਆ ਜਾ ਸਕਦਾ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:-<br>" Power to require buildings, wells, etc., to be rendered safe.- Where any building, or wall, or anything affixed thereto, or any well, tank, reservoir, pool, depression, or excavation, or any bank or tree is, in the opinion of the Commissioner, in a ruinous state, for want of sufficient repairs, protection or enclosure, a nuisance or dangerous to persons passing by or dwelling or working in the neighbourhood,the Commissioner may by notice in writing require the owner or part-owner or person claiming to be the owner or part-owner thereof or failing any of them the occupier thereof to remove the same or may require him to repair, protect or enclose the same in such manner as he thinks necessary; and if the danger is, in the opinion of the Commissioner, imminent, he shall forthwith take such steps as he thinks necessary to avert the same."<br><br>ਨਗਰ ਨਿਗਮ ਵੱਲੋਂ ਇਹਨਾਂ ਦਰੱਖਤਾਂ ਦਾ ਮੁੱਲ ਪਵਾਉਣ ਲਈ ਜਿਲ੍ਹਾ ਵਣ ਅਫਸਰ ਨੂੰ ਪੱਤਰ ਨੰ: 283 ਮਿਤੀ: 07-06-18 ਅਤੇ ਪੱਤਰ ਨੰ: 289 ਮਿਤੀ: 04-07-2019 ਰਾਂਹੀ ਲਿਖਿਆ ਗਿਆ ਸੀ, ਪ੍ਰੰਤੂ ਵਣ ਵਿਭਾਗ ਵੱਲੋਂ ਇਸ ਤੇ ਕੋਈ ਕਾਰਵਾਈ ਨਹੀ ਕੀਤੀ ਗਈ। ਸਫੈਦੇ ਦੇ ਦਰੱਖਤਾਂ ਦੀ ਉਚਾਈ ਜਿਆਦਾ ਉਚੀ ਹੋਣ ਕਾਰਨ ਜਾਨੀ ਮਾਲੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ।<br>ਸੋ ਇਹ ਕੇਸ ਨੂੰ ਹਾਊਸ ਵਿੱਚ ਵਿਚਾਰਨ ਹਿੱਤ ਰਿਪੋਰਟ ਪੇਸ਼ ਹੈ ਜੀ। | ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਕਿ ਇਹਨਾਂ ਦੀ ਨੰਬਰਿੰਗ ਕਰਕੇ ਇਹਨਾਂ ਦਾ ਮੁੱਲ ਵਣ ਵਿਭਾਗ ਤੋਂ ਪੁਵਾਉਣ ਉਪਰੰਤ ਇਹਨਾਂ ਦੀ ਨੀਲਾਮੀ ਕਰ ਦਿੱਤੀ ਜਾਵੇ ਅਤੇ ਇਹਨਾਂ ਦੀ ਥਾਂ ਤੇ ਰੂਲਾਂ/ਨਾਰਮਜ਼ ਅਨੁਸਾਰ ਨਵੇਂ ਪੌਦੇ ਲਗਾਏ ਜਾਣ। |
| 14 | 528 | 05.08.19 | **ਨਵਾਂ ਵਾਟਰ ਬੋਜਰ ਪਾਣੀ ਦੀ 9000 ਲੀਟਰ ਕੰਪੈਸਟੀ ਵਾਲਾ ਖਰੀਦ ਕਰਨ ਬਾਰੇ।**<br><br>ਰਿਪੋਰਟ ਫਾਇਰ ਬ੍ਰਿਗੇਡ ਸ਼ਾਖਾ ਕਿ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਫਾਇਰ ਸ਼ਾਖਾ ਕੋਲ ਜੋ ਵਾਟਰ ਬੋਜਰ PB 12-C 1428 ਹੈ।ਇਹ ਵਾਟਰ ਬੋਜਰ 1996 ਮਾਡਲ ਹੈ ਅਤੇ ਲਗਭਗ 23 ਸਾਲ ਪੁਰਾਣਾ ਹੋ ਚੁੱਕਾ ਹੈ।ਇਸ ਵਾਟਰ ਬੋਜਰ ਦੀ ਰਿਪੇਅਰ ਕਰਵਾਉਣ ਲਈ ਇਸਦੇ ਸਪੇਅਰ ਪਾਰਟਸ ਵੀ ਨਹੀਂ ਮਿਲਦੇ। ਇਸ ਦੀ 15 ਸਾਲ ਦੀ ਮਿਆਦ ਪੂਰੀ ਹੋਣ ਤੇ ਜਿਲ੍ਹਾ ਟਰਾਂਸਪੋਰਟ ਅਫਸਰ ਵੱਲੋਂ ਪਾਸਿੰਗ ਵੀ ਨਹੀਂ ਕੀਤੀ ਜਾਂਦੀ ਅਤੇ ਇਸ ਦਾ ਬੀਮਾ ਵੀ ਥਰਡ ਪਾਰਟੀ ਦਾ ਕੀਤਾ ਜਾਂਦਾ ਹੈ।ਇਸ ਵਾਟਰ ਬੋਜਰ ਨੂੰ ਆਫ ਰੋਡ ਕਰਨ ਲਈ ਫਾਇਰ ਬ੍ਰਿਗੇਡ ਦੇ ਡਰਾਈਵਰਾਂ ਵੱਲੋਂ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਲਿਖ ਕੇ ਵੀ ਦਿੱਤਾ ਜਾ ਚੁੱਕਾ ਹੈ।<br>ਨਵਾਂ ਵਾਟਰ ਬੋਜਰ ਪਾਣੀ ਦੀ 9000 ਲੀਟਰ ਕੰਪੈਸਟੀ ਵਾਲਾ ਖਰੀਦ ਕਰਨ ਲਈ ਇੰਨਵਾਇਸ ਮੰਗਵਾਈ ਗਈ ਹੈ।ਜਿਸ ਦੀ ਚੈਸੀ ਟਾਟਾ ਐਲ.ਪੀ.ਟੀ. 1913/ 42-4225 MM Wheel Base BS IV Cab Chassis with ABS System GVW- 18500 KG Approx ਅਤੇ ਇਸ ਚੈਸੀ ਉੱਤੇ ਫੈਬਰੀਕੇਸ਼ਨ ਕਰਨ ਸਮੇਤ ਖਰਚਾ ਹੇਠ ਲਿਖੇ ਅਨੁਸਾਰ ਹੈ ਅਤੇ ਇਸ ਦੀਆਂ ਸਪੈਸੀਫਿਕੇਸ਼ਨਾ ਫਾਈਲ ਵਿੱਚ ਮੌਜੂਦ ਹਨ।<br><br>1. ਟਾਟਾ ਐਲ.ਪੀ.ਟੀ. 1913/42 BS IV Cab Chassis ਯੂਨਿਟ ਰੇਟ 13,67,187.50, GST 28% 3,82,812.50 ਕੁਲ ਰਕਮ 17,50,000/-ਰੁਪਏ<br>2. ਫੈਬਰੀਕੇਸ਼ਨ ਵਾਟਰ ਬੋਜਰ 9000 ਲੀਟਰ ਵਿੱਦ ਅਸੈਸਰੀਜ 22,00,000/-ਰੁਪਏ, GST 18% 3,96,000/-ਰੁਪਏ, ਕੁਲ ਰਕਮ 25,96,000/-ਰੁਪਏ<br><br>**ਨੋਟ**: ਚੈਸੀ ਰੇਟ = 17,50,000/-ਰੁਪਏ<br>ਫੈਬਰੀਕੇਸ਼ਨ ਰੇਟ = 25,96,000/-ਰੁਪਏ<br>**ਕੁਲ ਰਕਮ = 43,46,000/-ਰੁਪਏ**<br><br>ਉਕਤ ਅਨੁਸਾਰ ਵਾਟਰ ਬੋਜਰ ਦੀ ਚੈਸੀ ਅਤੇ ਫੈਬਰੀਕੇਸ਼ਨ ਤੇ ਕੁਲ ਖਰਚ 43,46,000/-ਰੁਪਏ ਆਉਣ ਦੀ ਸੰਭਾਵਨਾ ਹੈ। ਸੋ ਵਾਟਰ ਬੋਜਰ ਨਵਾਂ ਬਣਾਉਣ ਲਈ ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | |
| **15** | **529** | **05.08.19** | **ਸੈਨੀਟੇਸ਼ਨ ਸ਼ਾਖਾ ਲਈ ਦੋ ਨਵੇਂ ਟਰੈਕਟਰ ਸਵਰਾਜ-855 TXDCRPS540DT ਦੀ ਖ੍ਰੀਦ ਕਰਨ ਸਬੰਧੀ।**<br>(ਲੱਗਭਗ ਕੁਲ ਖਰਚਾ 14,08,288/-ਰੁਪੈ)<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਨਗਰ ਨਿਗਮ, ਮੋਹਾਲੀ ਦੀ ਹਦੂਦ ਦਾ ਕੂੜਾ ਇਕੱਠਾ ਕਰਕੇ ਸ਼ਹਿਰ ਵਿੱਚ ਬਣੇ ਸੈਕੰਡਰੀ ਪੁਆਇੰਟਾਂ ਤੇ ਸੁੱਟਿਆ ਜਾਂਦਾ ਹੈ ਅਤੇ ਨਗਰ ਨਿਗਮ ਦੀ ਗੱਡੀਆਂ ਨਾਲ ਇਹ ਕੂੜਾ ਚੁੱਕ ਕੇ ਮੇਨ ਡੰਪਿੰਗ ਗਰਾਉਂਡ ਤੇ ਪਹੁੰਚਾਇਆ ਜਾਂਦਾ ਹੈ। ਸੈਨੀਟੇਸ਼ਨ ਸ਼ਾਖਾ ਵਿੱਚ ਇਸ ਵਕਤ 6 ਟਿੱਪਰ ਅਤੇ 2 ਟਰੈਕਟਰ ਟਰਾਲੀ ਕੂੜਾ ਚੁੱਕਣ ਦਾ ਕੰਮ ਕਰ ਰਹੇ ਹਨ। ਸ਼ਹਿਰ ਵਿੱਚ ਕੂੜੇ ਦੀ ਮਾਤਰਾ ਵੱਧ ਰਹੀ ਹੈ।ਸਫਾਈ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਦੋ ਨਵੇਂ ਟਰੈਕਟਰ ਸਵਰਾਜ-855TXDCRPS540DT ਖਰੀਦ ਕਰਨ ਲਈ ਮਹਿੰਦਰਾ ਐਂਡ ਮਹਿੰਦਰਾ ਲਿਮਟਿਡ (FES) ਸਵਰਾਜ ਡਵੀਜਨ ਕੰਪਨੀ ਤੋਂ ਮਿਤੀ 23.07.2019 ਨੂੰ ਐਸਟੀਮੇਟ ਪ੍ਰਾਪਤ ਕੀਤਾ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:- | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| Sr. No. | Description of Item | Unit Price (Rs) | Qty. | Amount (Rs) |
|---|---|---|---|---|
| 1 | Swaraj 855 tractor deluxe with 1500 kgf hydraulic capacity, trailer hook, wet | 6,28,700 | 02 | 12,57,400 |

<table>
<tr>
<td></td>
<td></td>
<td></td>
<td>
<table>
<tr><td></td><td>brakes, Dual Clutch, Power steering, Multi Speed with Reverse PTO,DCV. Bharat trerm IIIA Norms. Fitted with 2 nos. 7.50x16 front tyres & 02 nos. 14.9x28 rear tyres.</td><td></td><td></td><td></td></tr>
<tr><td colspan="2">GST TAX @ 12%</td><td></td><td></td><td>1,50,888</td></tr>
<tr><td colspan="2">G. TOTAL</td><td></td><td></td><td>14,08,288</td></tr>
</table>
ਉਕਤ ਅਨੁਸਾਰ ਦੋ ਨਵੇਂ ਟਰੈਕਟਰ ਸਵਰਾਜ-855TXDCRPS540DT ਮਹਿੰਦਰਾ ਐਂਡ ਮਹਿੰਦਰਾ ਲਿਮਟਿਡ (FES) ਸਵਰਾਜ ਡਵੀਜਨ ਤੋਂ ਸਿੱਧਾ ਖ੍ਰੀਦ ਕਰਨ ਦੀ ਪ੍ਰਵਾਨਗੀ ਅਤੇ ਆਉਣ ਵਾਲੇ ਖਰਚੇ (ਸਮੇਤ GST 12%) 14,08,288/-ਰੁਪਏ ਦੀ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।
</td>
<td></td>
</tr>
<tr>
<td>16</td>
<td>530</td>
<td>05.08.19</td>
<td>
<u>ਪਿੰਡ ਕੁਬੰੜਾ ਅਤੇ ਸੋਹਾਣਾ ਦੇ ਟਿਊਬਵੈਲਾਂ ਦੇ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਕਰਨ ਸਬੰਧੀ।</u>
ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ ਐਂਡ ਐਮ) ਕਿ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.3 ਐਸ.ਏ.ਐਸ.ਨਗਰ ਵੱਲੋਂ ਪੱਤਰ ਨੰ. 3942 ਮਿਤੀ 3/5/2019 ਰਾਂਹੀ ਲਿਖਿਆ ਹੈ ਕਿ ਪਿੰਡ ਕੁੰਬੜਾ ਦੀ ਜਲ ਸਪਲਾਈ ਉਹਨਾਂ ਦੇ ਵਿਭਾਗ ਵੱਲੋਂ ਚਲਾਈ ਜਾਂਦੀ ਹੈ, ਪਰੰਤੂ ਪਿੰਡ ਵਿੱਚ ਖਪਤਕਾਰਾ ਤੋਂ ਜੋ ਰੈਵਨਿਊ ਇਕੱਠਾ ਕੀਤਾ ਜਾਂਦਾ ਹੈ, ਉਸ ਨਾਲ ਪਾਣੀ ਦੀ ਮੋਟਰ ਦਾ ਬਿਜਲੀ ਦਾ ਬਿੱਲ ਭਰਨਾ ਸੰਭਵ ਨਹੀ ਹੈ ਕਿਉਂਕਿ ਪਿੰਡ ਕੁੰਬੜਾ ਵਿੱਚ ਰੈਵਨਿਊ ਬਹੁਤ ਘੱਟ ਇਕੱਠਾ ਹੁੰਦਾ ਹੈ,ਇਸ ਲਈ ਇਹਨਾਂ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਨਗਰ ਨਿਗਮ , ਮੋਹਾਲੀ ਵੱਲੋਂ ਕਰ ਦਿੱਤੀ ਜਾਵੇ ਤਾਂ ਜੋ ਪਿੰਡ ਕੁੰਬੜਾ ਵਿੱਚ ਪਾਣੀ ਦੀ ਸਪਲਾਈ ਸਹੀ ਤੇ ਸੰਚਾਰੂ ਢੰਗ ਨਾਲ ਚਲ ਸਕੇ।
ਇੱਥੇ ਦੱਸਿਆ ਜਾਂਦਾ ਹੈ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.2 ਐਸ.ਏ.ਐਸ.ਨਗਰ ਵੱਲੋਂ ਮੈਨਟੈਨ ਕੀਤੀ ਜਾ ਰਹੇ ਰਿਹਾਇਸ਼ੀ ਏਰੀਏ ਫੇਜ਼-1 ਤੋਂ 7, 9 ਤੋਂ 11, ਸੈਕਟਰ-48ਸੀ, ਸੈਕਟਰ-70,71 ਪਿੰਡ ਮਦਨਪੁਰਾ, ਮਟੌਰ, ਸ਼ਾਹੀਮਾਜਰਾ ਦੇ ਟਿਊਬਵੈਲਾਂ ਅਤੇ ਵਾਟਰ ਟਰੀਟਮੈਂਟ ਪਲਾਟਾਂ ਦੇ ਬਿਜਲੀ ਦੇ ਬਿੱਲ ਨਗਰ ਨਿਗਮ ਵੱਲੋਂ ਭਰੇ ਜਾ ਰਹੇ ਹਨ। ਇਸ ਤਰਜ਼ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ.3, ਐਸ.ਏ.ਐਸ.ਨਗਰ ਵੱਲੋਂ ਮੈਨਟੇਨ ਕੀਤੇ ਜਾ ਰਹੇ ਏਰੀਏ ਪਿੰਡ ਕੁੰਬੜਾ ਅਤੇ ਪਿੰਡ ਸੋਹਾਣਾ ਦੇ ਟਿਊਬਵੈਲਾਂ ਦੇ ਬਿਜਲੀ ਦੇ ਬਿੱਲ ਵੀ ਬਾਕੀ ਸ਼ਹਿਰੀ ਏਰੀਏ ਦੀ ਤਰਜ਼ ਤੇ ਨਗਰ ਨਿਗਮ ਵੱਲੋਂ ਭਰਨ ਸਬੰਧੀ ਕੇਸ ਕਮਿਸ਼ਨਰ, ਨਗਰ ਨਿਗਮ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।
</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

| | | | | |
|---|---|---|---|---|
| **17** | **531** | **05.08.19** | **R/C estimate for providing and installing one no. new tubewell of size 250mm I/D straight up to 350 mtr. Depth with reverse rotary RIG in place of failed tubewell for water supply scheme Sohana (Near Central Bank Of India) at existing water works site block Kharar Distt S.A.S Nagar.** (Amount= Rs. 28.73 lacs)<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ(ਓ ਐਂਡ ਐਮ) ਕਿ ਵਿਸੇ ਸਬੰਧੀ ਦੱਸਿਆ ਜਾਂਦਾ ਹੈ ਕਿ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਤੇ ਸੇਨੀਟੇਸ਼ਨ ਮੰਡਲ ਨੰ: 3, ਐਸ.ਏ.ਐਸ ਨਗਰ ਵੱਲੋਂ ਪੱਤਰ ਨੰ: 6790 ਮਿਤੀ 30-07-2019 ਰਾਂਹੀ ਰਕਮ ਲਾਗਤ 28.73 ਲੱਖ ਦਾ ਤਖਮੀਨਾ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਬਧ ਕਰਵਾਉਣ ਹਿੱਤ ਭੇਜਿਆ ਗਿਆ ਹੈ ਹੁਣ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਤੇ ਸੇਨੀਟੇਸ਼ਨ ਮੰਡਲ ਨੰ: 3, ਐਸ.ਏ.ਐਸ ਨਗਰ ਵੱਲੋਂ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ **"ਜ/ਸ ਸਕੀਮ ਸੋਹਾਣਾ ਸੈਂਟਰਲ ਬੈਂਕ ਵਾਟਰ ਵਰਕਸ ਸਾਇਟ ਤੇ ਲਗਾਇਆ ਗਿਆ ਟਿਊਬਵੈੱਲ , ਸਾਈਜ 10 ਇੰਚ X 8 ਇੰਚ ਅਤੇ ਡੂੰਘਾਈ 300 ਮੀਟਰ ਦਾ ਸਾਲ 2011 ਵਿੱਚ ਲੱਗਿਆ ਹੋਇਆ ਸੀ ਉਪ ਮੰਡਲ ਇੰਜੀਨੀਅਰ, ਜ/ਸ ਅਤੇ ਸੈਨੀਟੇਸ਼ਨ ਉਪ ਮੰਡਲ ਨੰ: 2 ਐਸ.ਏ.ਐਸ ਨਗਰ ਦੱਸਿਆ ਗਿਆ ਹੈ ਕਿ ਇਹ ਟਿਊਬਵੈੱਲ ਅਚਾਨਕ ਮਿੱਟੀ ਅਤੇ ਰੇਤਾ ਪੰਪ ਕਰ ਰਿਹਾ ਹੈ, ਟਿਊਬਵੈੱਲ ਲਗਭਗ ਫੇਲ ਕੰਡੀਸਨ ਵਿੱਚ ਹੀ ਹੈ। ਜਿਸ ਨਾਲ ਲਗਭਗ ਅੱਧੇ ਪਿੰਡ ਦੀ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਪਿੰਡ ਵਾਸੀਆ ਕੋਲ ਪੀਣ ਵਾਲੇ ਪਾਣੀ ਦਾ ਹੋਰ ਕੋਈ ਦੂਜਾ ਸੋਮਾ ਉਪਲੱਬਧ ਨਹੀ ਹੈ। ਜੇਕਰ ਸਮੇਂ ਸਿਰ ਪਿੰਡ ਵਿੱਚ ਨਵਾਂ ਟਿਊਬਵੈੱਲ ਨਾ ਲਗਾਇਆ ਗਿਆ ਤਾਂ ਪਿੰਡ ਵਾਸੀਆ ਨੂੰ ਪੀਣ ਵਾਲੇ ਪਾਣੀ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪਏਗਾ। ਇਸ ਲਈ ਪਿੰਡ ਵਾਸੀਆ ਦੀ ਪੀਣ ਵਾਲੇ ਪਾਣੀ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਤੁਰੰਤ ਨਵਾਂ ਟਿਊਬਵੈੱਲ ਲਗਾਉਣ ਦੀ ਬਹੁਤ ਜਰੂਰਤ ਹੈ"**<br>ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸਨ ਮੰਡਲ ਨੰ: 3 ਵੱਲੋ 28.73 ਲੱਖ ਰੂਪੈ ਦਾ ਤਖਮੀਨਾ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਭਧ ਕਰਾਉਣ ਲਈ ਭੇਜਿਆ ਗਿਆ ਹੈ। ਇਸ ਤਖਮੀਨੇ ਦੀ 28.73 ਲੱਖ ਰੁਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸਨ ਮੰਡਲ ਨੰ: 3 ਫੰਡਜ ਉਪਲਭਧ ਕਰਾਉਣ ਸਬੰਧੀ ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ ਹੈ । | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| **18** | **532** | **05.08.19** | **Rough cost estimate augmentation water supply scheme for vill. Kumbra installing new tubewell including pumping machinery block Kharar Distt. S.A.S Nagar.(Under head deposit work)** (Amount= Rs. 32.81 lacs)<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ(ਓ ਐਂਡ ਐਮ) ਕਿ ਵਿਸੇ ਸਬੰਧੀ ਦੱਸਿਆ ਜਾਂਦਾ ਹੈ ਕਿ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਤੇ ਸੇਨੀਟੇਸ਼ਨ ਮੰਡਲ ਨੰ: 3, ਐਸ.ਏ.ਐਸ ਨਗਰ ਵੱਲੋਂ ਪੱਤਰ ਨੰ: 6791 ਮਿਤੀ 30-07-2019 ਰਾਂਹੀ ਰਕਮ ਲਾਗਤ 32.81 ਲੱਖ ਦਾ ਰਿਵਾਈਜ ਤਖਮੀਨਾ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਬਧ ਕਰਵਾਉਣ ਹਿੱਤ ਭੇਜਿਆ ਗਿਆ ਹੈ। ਇਸ ਕੰਮ ਦਾ ਪਹਿਲਾ ਤਖਮੀਨਾਂ ਪੱਤਰ ਨੰ: 4882 ਮਿਤੀ 11-06-18 ਰਾਹੀ 21.58 ਲੱਖ ਰੂਪੈ ਦਾ ਫੰਡਜ ਉਪਲਭਦ ਕਰਾਉਣ ਅਤੇ ਪ੍ਰਸਾਸਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਸੀ, ਜੋ ਹਾਊਸ ਦੀ ਮੀਟਿੰਗ ਵਿਚ ਮਤਾ ਨੰ: 468(B) ਮਿਤੀ 11-12-2018 ਰਾਹੀਂ 21,37,000/- ਲੱਖ ਰੂਪੈ ਦਾ ਪ੍ਰਵਾਨ ਹੋ ਚੁੱਕਾ ਹੈ, ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਦੇ ਪੱਤਰ ਨੰ: ਸ5-ਡਸਸ-ਮਸਸ-19/6226 ਮਿਤੀ 06-02-19 ਰਾਹੀਂ ਪ੍ਰਾਪਤ ਹੋ ਚੁੱਕੀ ਹੈ।ਉਕਮ ਤਖਮੀਨੇ ਵਿਰੁੱਧ 75% ਰਕਮ ਦੀ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਅਦਾਇਗੀ ਇਸ ਦਫਤਰ ਦੇ ਪੱਤਰ ਨੰ 1893 ਮਿਤੀ 31-05-2019 ਰਾਂਹੀ ਚੈੱਕ ਨੰ 551861 ਮਿਤੀ 29-03-2019 ਰਾਂਹੀ 16,02,750/- ਰੂਪੈ ਦੀ ਕੀਤੀ ਜਾ ਚੁੱਕੀ ਹੈ।ਪ੍ਰੰਤੂ ਉਕਤ ਵਿਭਾਗ ਦੀ ਰਿਪੋਰਟ ਅਨੁਸਾਰ ਇਹ ਟਿਊਬਵੈੱਲ ਨਵੀਂ ਵਾਟਰ ਵਰਕਸ ਸਾਈਟ ਤੇ ਵਰਮਾਇਆ ਜਾਵੇਗਾ ਜਿਸ ਵਿੱਚ ਟਿਊਬਵੈੱਲ ਦਾ ਸਾਈਜ 250 mm ਡਾਇਆ ਅਤੇ 350 ਡੂੰਘਾਈ, ਪੰਪ ਚੈਂਬਰ ਅਤੇ ਡਿਵੈਲਪਮੈਂਟ ਆਫ ਵਾਟਰ ਵਰਕਸ ਸਾਈਟ ਦੀ ਵਿਵਸਥਾ ਵੀ ਇਸ ਤਖਮੀਨੇ ਵਿੱਚ ਕੀਤੀ ਗਈ ਜਿਸ ਕਰਕੇ ਤਖਮੀਨੇ ਦੀ ਲਾਗਤ ਵਿੱਚ ਵਾਧਾ ਹੋਇਆ ਹੈ।ਇਸ ਲਈ ਵਿਸੇ ਅਧੀਨ ਤਖਮੀਨਾ ਇਸ ਦਫਤਰ ਨੂੰ 32.81 ਲੱਖ ਰੂਪੈ ਦਾ ਪ੍ਰਸਾਸਕੀ ਪ੍ਰਵਾਨਗੀ ਅਤੇ ਫੰਡਾਂ ਦਾ ਪ੍ਰੰਬਧ ਕਰਨ ਹਿੱਤ ਭੇਜਿਆ ਗਿਆ ਹੈ।<br>ਇਸ ਲਈ ਮਤਾ ਨੰ 468(B)ਮਿਤੀ 11-12-2018 ਰਾਹੀਂ ਪ੍ਰਵਾਨ ਕੀਤੇ ਗਏ 21,37,000/- ਲੱਖ ਰੂਪੈ ਦੇ ਤਖਮੀਨੇ ਵਿਰੁੱਧ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਤੇ ਸੇਨੀਟੇਸ਼ਨ ਮੰਡਲ ਨੰ: 3, ਐਸ.ਏ.ਐਸ ਨਗਰ ਵੱਲੋਂ ਪੱਤਰ ਨੰ: 6791 ਮਿਤੀ 30-07-2019 ਰਾਂਹੀ ਭੇਜੇ ਗਏ ਵਿਸੇ ਅਧੀਨ ਰਿਵਾਈਜ ਤਖਮੀਨੇ ਰਕਮ ਲਾਗਤ 32.81 ਲੱਖ ਰੂਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ਼ ਉਪਲਬਧ ਕਰਵਾਉਣ ਸਬੰਧੀ ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਉਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ ਹੈ । | |
| **19** | **533** | **05.08.19** | **R/C estimate for providing and laying new DI- K7 and K9 water supply pipe line replacing with existing pvc pipe line in vill. Sohana, block kharar, dist. S.A.S Nagar**.<br>(Amount= Rs. 434.28 lacs)<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ(ਓ ਐਂਡ ਐਮ) ਕਿ ਵਿਸੇ ਸਬੰਧੀ ਦੱਸਿਆ ਜਾਂਦਾ ਹੈ ਕਿ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਤੇ ਸੇਨੀਟੇਸ਼ਨ ਮੰਡਲ ਨੰ: 3, ਐਸ.ਏ.ਐਸ ਨਗਰ ਵੱਲੋਂ ਪੱਤਰ ਨੰ: 5605 ਮਿਤੀ 24-06-2019 ਰਾਂਹੀ ਰਕਮ ਲਾਗਤ 434.28 ਲੱਖ ਦਾ ਤਖਮੀਨਾ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਬਧ ਕਰਵਾਉਣ ਹਿੱਤ ਭੇਜਿਆ ਗਿਆ ਹੈ। ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਤੇ ਸੇਨੀਟੇਸ਼ਨ ਮੰਡਲ ਨੰ: 3, ਐਸ.ਏ.ਐਸ ਨਗਰ ਵੱਲੋਂ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ **"ਪਿੰਡ ਸੋਹਾਣਾ ਜ਼ੋ ਕਿ ਮਿਊਂਸਪਲ ਕਾਰਪੋਰੇਸ਼ਨ ਐਸ.ਏ.ਐਸ ਨਗਰ ਅਧੀਨ ਪੈਂਦਾ ਹੈ, ਇਸ ਪਿੰਡ ਵਿੱਚ ਸਭ ਤੁ਼ੋਂ ਪਹਿਲਾ ਪੰਜਾਬ ਸਰਕਾਰ ਦੇ ਲਏ ਗਏ ਫੈਸਲੇ ਅਨੁਸਾਰ 1973 ਵਿੱਚ ਟਿਊਬਵੈੱਲ ਲਗਾਇਆ ਗਿਆ ਸੀ। ਉਸ ਤੋਂ ਬਾਅਦ ਇਸ ਸਕੀਮ ਤੇ ਪਿੰਡ ਦੀ ਆਬਾਦੀ ਵੱਧਣ ਕਾਰਨ ਸਮੇਂ ਸਮੇਂ ਤੇ ਪਾਣੀ ਦੀ ਮੰਗ ਅਨੁਸਾਰ ਟਿਊਬਵੈੱਲ ਲਗਾਏ ਗਏ। ਮੋਜੂਦਾ ਇਸ ਸਕੀਮ ਤੇ ਇਸ ਪਿੰਡ ਦੇ ਵੱਖ-ਵੱਖ ਹਿੱਸਿਆ ਵਿੱਚ 5 ਨੰ: ਟਿਊਬਵੈੱਲ ਚੱਲ ਰਹੇ ਹਨ। ਜਿਸ ਰਾਂਹੀ ਪਿੰਡ ਸੁਚਾਰੂ ਢੰਗ ਨਾਲ ਪੀਣ ਵਾਲੇ ਪਾਣੀ ਦੀ ਸਪਲਾਈ ਦਿੱਤੀ ਜਾਂਦੀ ਹੈ। ਇਸ ਪਿੰਡ ਸਹਿਰ ਦੇ ਵਿਚਕਾਰ ਹੋਣ ਕਾਰਨ @135 LPCD ਤੇ ਡਿਜਾਇੰਨ ਕੀਤੀ ਗਈ ਹੈ ਅਤੇ ਇਸ ਪਿੰਡ ਵਿੱਚ ਸਾਲ 2010-11 ਵਿੱਚ ਸੀਵਰੇਜ਼ ਸਿਸਟਮ ਚਾਲੂ ਕਰ ਦਿੱਤਾ ਗਿਆ ਸੀ।ਇਹ ਸਕੀਮ ਸਾਲ 1973 ਵਿੱਚ ਟਿਊਬਵੈੱਲ ਲਗਾ ਕੇ @ 40 LPCD ਤੇ ਡਿਜਾਇੰਨ ਕੀਤੀ ਗਈ ਸੀ, ਕੁਝ ਏਰੀਏ ਦੀਆਂ ਪਾਇਪਾ ਬਹੁਤ ਪੁਰਾਣੀਆ ਅਤੇ ਜਿਆਦਾ ਡੂੰਘੀਆ ਹੋਣ ਕਾਰਨ ਲੀਕੇਜ਼ ਰਿਪੇਅਰ ਕਰਨ ਵਿੱਚ ਬਹੁਤ ਮੁਸਕਿਲ ਆਉਂਦੀ ਹੈ। ਜਿਸ ਸਬੰਧੀ ਮਾਨਯੋਗ ਮੇਅਰ, ਨਗਰ ਨਿਗਮ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਜਿਸ ਵਿੱਚ ਜੁਬਾਨੀ ਤੌਰ ਤੇ ਫੈਸਲਾ ਲਿਆ ਗਿਆ ਕਿ ਪਿੰਡ ਸੋਹਾਣਾ ਵਿਖੇ ਕਈ ਘਰਾਂ ਵਿੱਚ ਪਿਛਲੇ ਕਾਫੀ ਸਮੇਂ ਆ ਰਹੇ ਗੰਦੇ ਪਾਣੀ ਸਬੰਧੀ ਸਿਕਾਇਤਾ ਆ ਰਹੀਆ ਹਨ। ਇਸ ਲਈ ਪਿੰਡ ਸੋਹਾਣਾ ਵਿਖੇ ਪਹਿਲਾਂ ਪਾਈ ਹੋਈ ਏ.ਸੀ/ਪੀ.ਵੀ.ਸੀ ਵਾਟਰ ਸਪਲਾਈ ਪਾਈਪ ਲਾਈਨ ਦੀ ਜਗ੍ਹਾਂ ਡੀ.ਆਈ.ਪਾਈਪਾ ਪਾਈਆ ਜਾਣ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਕਿਸੇ ਵੀ ਗੰਭੀਰ ਸਮੱਸਿਆ/ ਬਿਮਾਰੀਆ ਤੋਂ** | ਇਸ ਸਬੰਧੀ ਸ੍ਰੀ ਪਰਵਿੰਦਰ ਸਿੰਘ ਮੈਂਬਰ ਵਾਰਡ ਨੰ. 42 ਵੱਲੋਂ ਕਿਹਾ ਗਿਆ ਕਿ ਜੇਕਰ ਪਿੰਡ ਸੋਹਾਣਾ ਵਿਖੇ ਵਾਟਰ ਸਪਲਾਈ ਪਾਇਪਾ ਦੀ ਰੀਪਲੇਸਮੈਂਟ ਕੀਤੀ ਜਾਦੀ ਹੈ ਤਾਂ ਸਾਰੀਆ ਸੜਕਾਂ/ਗਲੀਆ ਪੁੱਟੀਆਂ ਜਾਣਗੀਆ, ਜਿਸ ਨਾਲ ਪਿੰਡ ਵਿੱਚ ਬਹੁਤ ਦਿੱਕਤ ਆਵੇਗੀ।ਇਸ ਲਈ ਪਾਇਪਾਂ ਪਾਉਣ ਸਮੇਂ ਜੋ ਥਾਂ ਪੁੱਟੀ ਜਾਵੇਗੀ ਉਸ ਥਾਂ ਤੇ ਟਾਇਲਾਂ ਲਗਾਉਣ ਦੀ ਪ੍ਰੋਵੀਜ਼ਨ ਵੀ ਇਸ ਤਖਮੀਨਾ ਵਿੱਚ ਕੀਤੀ ਜਾਵੇ।ਜਿਸ ਤੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਡਿਟੇਲਡ ਤਖਮੀਨਾ ਤਿਆਰ ਕੀਤਾ ਜਾਵੇ ਅਤੇ ਹਾਲ ਦੀ ਘੜੀ ਇਸ ਤਜਵੀਜ਼ ਨੂੰ ਪੈਡਿੰਗ ਕੀਤਾ ਜਾਂਦਾ ਹੈ। |

<table>
<tr><td></td><td></td><td></td><td>ਬਚਿਆ ਜਾ ਸਕੇ"<br>ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸਨ ਮੰਡਲ ਨੰ: 3 ਵੱਲੋ 434.28 ਲੱਖ ਰੁਪੈ ਦਾ ਤਖਮੀਨਾ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਬਧ ਕਰਾਉਣ ਲਈ ਭੇਜਿਆ ਗਿਆ ਹੈ। ਇਸ ਤਖਮੀਨੇ ਵਿੱਚ 1% ਡਿਜਾਇਨ ਕੰਸਲਟੇਨਸੀ ਚਾਰਜਸ ਦੀ ਰਕਮ 4,19,497/- ਰਪੈ, 1% ਮਿਸਲੀਨੀਅਸ ਅਤੇ ਐਡਵਰਟਾਈਜਮੈਂਟ ਚਾਰਜਸ ਦੀ ਰਕਮ 4,23,692/- ਅਤੇ 1.5% ਡਿਪਾਟਮੈਂਟਲ ਚਾਰਜਸ ਦੀ ਰਕਮ 6,35,538/- ਲਈ ਗਈ ਹੈ। ਇਹਨਾ ਚਾਰਜਸ ਵਿੱਚੋ ਡਿਪਾਟਮੈਂਟਲ ਚਾਰਜਸ 6,35,538/- ਰੂਪੈ ਕੱਟਣ ਉਪਰੰਤ ਵਿਸੇ ਅਧੀਨ ਤਖਮੀਨੇ ਦੀ 4,27,92,909/- ਰੁਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਬਧ ਕਰਾਉਣ ਸਬੰਧੀ ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਉਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ ਹੈ ।</td><td></td></tr>
<tr><td>20</td><td>534</td><td>05.08.19</td><td>ਇੰਜੀਨੀਅਰਿੰਗ ਸ਼ਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹਨ:-
<table>
<tr><th>ਲੜੀ ਨੰ.</th><th>ਤਖਮੀਨੇ ਦਾ ਨਾਮ</th><th>ਅਨੁਮਾਨਤ ਲਾਗਤ (ਲੱਖਾਂ ਵਿੱਚ)</th></tr>
<tr><td>1</td><td>ਕੰਨਸਟਰਕਸ਼ਨ ਆਫ ਲਾਇਬ੍ਰੇਰੀ ਇੰਨ ਵਾਰਡ ਨੰ: 24, ਫੇਜ-9, ਮੋਹਾਲੀ</td><td>26.47 ਲੱਖ</td></tr>
<tr><td>2</td><td>ਰਫ ਕਾਸਟ ਐਸਟੀਮੇਟ ਫਾਰ ਪਰਚੇਜ ਆਫ ਨਿਊ ਵਹੀਕਲ (ਮਹਿੰਦਰਾ ਬਲੈਰੋ ਕੈਂਪਰ ਟਾਈਪ) ਫਾਰ ਐਮਰਜ਼ੈਸੀ ਸਰਵਿਸ ਆਫ ਓ.ਐਂਡ ਐਮ. ਬਰਾਂਚ ਆਫ ਮਿਊਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ</td><td>8.69 ਲੱਖ</td></tr>
</table></td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
<tr><td>21</td><td>535</td><td>05.08.19</td><td><u>ਹੇਠ ਲਿਖੀਆਂ ਆਈਟਮਾਂ ਮੇਅਰ ਸਾਹਿਬ ਦੀ ਆਗਿਆ ਨਾਲ ਪੇਸ਼ ਕੀਤੀਆਂ ਗਈਆਂ :-</u><br>ਇੰਜੀਨੀਅਰਿੰਗ ਸ਼ਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹੈ।
<table>
<tr><th>ਲੜੀ ਨੰ.</th><th>ਤਖਮੀਨੇ ਦਾ ਨਾਮ</th><th>ਅਨੁਮਾਨਤ ਲਾਗਤ (ਲੱਖਾਂ ਵਿੱਚ)</th></tr>
<tr><td>1</td><td>ਰਫ ਕਾਸਟ ਐਸਟੀਮੇਟ ਫਾਰ ਰਿਪੇਅਰ ਆਫ ਗੌਰਮਿੰਟ ਪ੍ਰਾਈਮਰੀ ਸਕੂਲ/ ਗੌਰਮਿੰਟ ਮਿਡਲ ਸਕੂਲ ਇੰਨ ਵਾਰਡ ਨੰ. 20 ਫੇਜ਼-7</td><td>14.83 ਲੱਖ</td></tr>
<tr><td>2</td><td>ਰਫ ਕਾਸਟ ਐਸਟੀਮੈਟ ਫਾਰ ਅਪਗਰੇਡੇਸ਼ਨ ਆਫ ਗੌਰਮਿੰਟ ਪ੍ਰਾਈਮਰੀ ਸਕੂਲ ਫੇਜ਼-5</td><td>14.71 ਲੱਖ</td></tr>
<tr><td>3</td><td>ਰਫ ਕਾਸਟ ਐਸਟੀਮੈਟ ਫਾਰ ਅਪਗਰੇਡੇਸ਼ਨ ਆਫ ਗੌਰਮਿੰਟ ਐਲੀਮੈਂਟਰੀ ਸਕੂਲ ਫੇਜ਼-3ਬੀ1</td><td>14.38 ਲੱਖ</td></tr>
</table>
ਇਹ ਕੰਮ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 82(3) ਦੇ ਤਹਿਤ ਸਰਕਾਰ ਦੀ ਪ੍ਰਵਾਨਗੀ ਉਪਰੰਤ</td><td>ਸਰਬ ਸੰਮਤੀ ਨਾਲ ਪ੍ਰਵਾਨ ਹੈ ਅਤੇ ਇਹ ਕੰਮ ਸਰਕਾਰ ਤੋਂ ਪ੍ਰਵਾਨਗੀ ਲੈਣ ਉਪਰੰਤ ਹੀ ਕਰਵਾਏ ਜਾਣ।</td></tr>
</table>

| | | | | |
|---|---|---|---|---|
| | | | ਕਰਵਾਇਆ ਜਾ ਸਕਦਾ ਹੈ, ਸੋ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। | |
| 22 | 536 | 05.08.19 | **<u>Handing over maintenance of Parks 31 to 35 to the Resident Welfare Association of Sector 64, S.A.S Nagar</u>.**<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ(ਬਾਗਬਾਨੀ) ਕਿ Resident Welfare Association ਵੱਲੋ ਪੱਤਰ ਨੰ. MC.102/2019 **ਮਿਤੀ** 15-07-2019 ਰਾਂਹੀ ਇਸ ਦਫਤਰ ਨੂੰ ਲਿਖਿਆ ਗਿਆ ਹੈ ਕਿ Resident Welfare Association , ਸੈਕਟਰ- 64 ਨੂੰ ਪਾਰਕ ਨੰ. 31 ਤੋਂ 35 ਦੀ ਸਾਂਭ-ਸੰਭਾਲ ਲਈ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ।ਇਹ ਐਸੋਸੀਏਸ਼ਨ ਨਗਰ ਨਿਗਮ ਨਾਲ ਇਕਰਾਰਨਾਮਾ ਕਰਨਾ ਚਾਹੁੰਦੀ ਹੈ।ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ।<br><table><tr><th>ਲੜੀਨੰ.</th><th>ਐਸੋਸੀਏਸ਼ਨ</th><th>ਸੈਕਟਰ/ਫੇਜ਼</th><th>ਪਾਰਕ ਨੰ.</th><th>ਏਰੀਆ (sqm)</th></tr><tr><td rowspan="5">1.</td><td rowspan="5">Residents Welfare Association</td><td rowspan="5">ਸੈਕਟਰ - 64</td><td>31</td><td>1167</td></tr><tr><td>32</td><td>1045</td></tr><tr><td>33</td><td>133</td></tr><tr><td>34</td><td>2652</td></tr><tr><td>35</td><td>3660</td></tr></table><br>ਉਕਤ ਐਸੋਸੀਏਸ਼ਨ ਪਾਰਕ ਨੰ: 31,32,33,34 ਅਤੇ 35 ਸੈਕਟਰ 64 ਦੀ ਸਾਂਭ-ਸੰਭਾਲ ਕਰਨਾ ਚਾਹੁੰਦੀ ਹੈ।ਉਕਤ ਐਸੋਸੀਏਸ਼ਨ ਨੂੰ ਸਰਕਾਰ ਦੀਆਂ ਹਦਾਇਤਾ ਅਨੁਸਾਰ ਪਾਰਕ ਦੇ ਰਖ ਰਖਾਵ ਲਈ 2.45 ਰੁਪਏ ਸਕੇਅਰ ਮੀਟਰ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਵੇਗੀ।<br>ਸੋ ਉਕਤ ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 23 | 537 | 05.08.19 | **<u>Manual Sweeping ਦੇ ਕੰਮ ਵਿੱਚ ਵਾਧਾ ਕਰਨ ਸਬੰਧੀ।</u>**<br>ਰਿਪੋਰਟ ਇੰਜੀਨੀਅਰਿੰਗ ਅਤੇ ਸੈਨੀਟੇਸ਼ਨ ਸ਼ਾਖਾ ਕਿ ਵਿਸ਼ੇ ਸੰਬਧੀ ਮਿਤੀ 29/07/2019 ਨੂੰ ਮਾਨਯੋਗ ਮੇਅਰ ਸਾਹਿਬ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਕਮਿਸ਼ਨਰ, ਨਗਰ ਨਿਗਮ, ਨਿਗਰਾਨ ਇੰਜੀਨੀਅਰ, ਸਕੱਤਰ, ਨਿਗਮ ਇੰਜੀਨੀਅਰ ਅਤੇ ਸਹਾਇਕ ਨਿਗਮ ਇੰਜੀਨੀਅਰਸ ਮੋਜੂਦ ਸੀ। ਇਥੇ ਦੱਸਿਆ ਜਾਂਦਾ ਹੈ ਕਿ ਸੈਕਟਰ 76 ਤੋਂ 80 ਵਿੱਚ ਜਿਸ ਸਮੇਂ ਪਹਿਲਾਂ ਬੀਟਾਂ ਬਣਾਈਆਂ ਗਈਆਂ ਸਨ, ਉਸ ਸਮੇਂ ਇਹ ਸੈਕਟਰ ਪੂਰੀ ਤਰ੍ਹਾ ਡਿਵੈਲਪ ਨਹੀਂ ਸਨ। ਹੁਣ ਇਹ ਸੈਕਟਰ ਕਾਫੀ ਡਿਵੈਲਪ ਹੋ ਚੁੱਕੇ ਹਨ ਅਤੇ ਕਾਫੀ ਵਸੋਂ ਹੋ ਗਈ ਹੈ। ਇਸ ਤੋ ਇਲਾਵਾ ਇਹਨਾ ਸੈਕਟਰਾਂ ਵਿੱਚ ਕਾਫੀ ਨਵੀਆਂ ਸੜਕਾਂ ਦਾ ਨਿਰਮਾਨ ਹੋ ਚੱਕਾ ਹੈ। ਲੋਕਾਂ ਵੱਲੋ ਇਹਨਾਂ ਸੈਕਟਰਾਂ ਵਿੱਚ ਸਫਾਈ ਕਰਵਾਉਣ ਦੀ ਮੰਗ ਕੀਤੀ ਜਾਂਦੀ ਹੈ, ਪ੍ਰੰਤੂ ਬੀਟਾਂ ਨਾਂ ਹੋਣ ਕਾਰਨ ਇਹ ਕੰਮ ਨਹੀਂ ਕੀਤੇ ਜਾ ਸਕਦੇ ਹਨ। ਸੋਂ ਇਨ੍ਹਾਂ ਸੈਕਟਰਾਂ ਵਿੱਚ ਏਰੀਏ ਦੇ ਹਿਸਾਬ ਨਾਲ ਸਫਾਈ ਸੇਵਕ ਰੂਲਾਂ ਅਨੁਸਾਰ ਹੇਠ ਲਿਖੇ ਅਨੁਸਾਰ ਨਵੀਂਆ ਬੀਟਾਂ ਬਣੀਆਂ ਹਨ:-<br><table><tr><th>ਲੜੀ ਨੰ:</th><th>ਸੈਕਟਰ</th><th>ਨਵੀਂਆ ਬੀਟਾਂ ਦੀ ਗਿਣਤੀ</th></tr><tr><td>1)</td><td>ਸੈਕਟਰ-76</td><td>1</td></tr></table> | ਸਰਬ ਸੰਮਤੀ ਨਾਲ ਪ੍ਰਵਾਨ ਹੈ। |

<table>
<tr>
<td></td>
<td></td>
<td></td>
<td>
<table>
<tr><td>2)</td><td>ਸੈਕਟਰ-77</td><td>5</td></tr>
<tr><td>3)</td><td>ਸੈਕਟਰ-78</td><td>2</td></tr>
<tr><td>4)</td><td>ਸੈਕਟਰ-79</td><td>6</td></tr>
<tr><td>5)</td><td>ਸੈਕਟਰ-80</td><td>2</td></tr>
</table>
ਇਸ ਤੋ ਇਲਾਵਾ ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਫੇਜ-7 (ਇੰਡ: ਏਰੀਆ) ਅਤੇ ਫੇਜ-8 (ਇੰਡ: ਏਰੀਆ) ਵਿੱਚ ਸਫਾਈ ਦਾ ਬਹੁਤ ਬੁਰਾ ਹਾਲ ਹੈ। ਇਹਨਾਂ ਫੇਜ਼ਾਂ ਦੇ ਵਸਨੀਕਾਂ ਵੱਲੋਂ ਸਫਾਈ ਪ੍ਰਤੀ ਕਾਫੀ ਸਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ। ਇਸ ਤੋ ਇਲਾਵਾ ਮੋਹਾਲੀ ਇੰਡਸਟਰੀ ਐਸੋਸੀਏਸ਼ਨ ਵੱਲੋਂ ਵੀ ਇਹਨਾ ਫੇਜਾਂ ਵਿੱਚ ਸਫਾਈ ਦੀ ਵਿਵਸਥਾਂ ਵਿੱਚ ਸੁਧਾਰ ਲਿਆਉਣ ਦੀ ਸਮੇਂ ਸਮੇ ਮੰਗ ਕੀਤੀ ਜਾਂਦੀ ਹੈ। ਸੋ ਇਹ ਸਭ ਕੁੱਝ ਧਿਆਨ ਵਿੱਚ ਰੱਖਦੇ ਹੋਏ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਇਹਨਾਂ ਫੇਜ਼ਾਂ ਵਿੱਚ ਵੀ ਸ਼ਹਿਰ ਦੀ ਤਰਜ ਤੇ ਨਵੀਆਂ ਬੀਟਾਂ ਬਣਾ ਕੇ ਲਾਈਨ ਸਰਵਿਸ ਲਿਮਟਿਡ ਨੂੰ ਕੰਮ ਦਿੱਤਾ ਜਾਵੇ। ਸੋ ਏਰੀਏ ਅਤੇ ਸਫਾਈ ਸੇਵਕ ਰੂਲਜ ਨੂੰ ਧਿਆਨ ਵਿੱਚ ਰੱਖਦੇ ਹੋਏ ਇਹਨਾ ਫੇਜਾਂ ਵਿੱਚ ਹੇਠ ਲਿਖੇ ਅਨੁਸਾਰ ਬੀਟਾਂ ਬਣੀਆਂ ਹਨ:-
<table>
<tr><td>ਲੜੀ ਨੰ:</td><td>ਫੇਜ</td><td>ਨਵੀਂਆ ਬੀਟਾਂ ਦੀ ਗਿਣਤੀ</td></tr>
<tr><td>1)</td><td>ਫੇਜ-7 ਇੰਡ: ਏਰੀਆ (ਸੈਕਟਰ-73)</td><td>7</td></tr>
<tr><td>2)</td><td>ਫੇਜ-8 ਇੰਡ: ਏਰੀਆ (ਸੈਕਟਰ-72)</td><td>4</td></tr>
</table>
ਸੋਂ ਉਕਤ ਅਨੁਸਾਰ ਕੁੱਲ 27 ਬੀਟਾਂ ਬਣੀਆਂ ਹਨ। ਇਹ ਬੀਟਾਂ ਬਣਨ ਨਾਲ ਹੇਠ ਲਿਖੇ ਅਨੁਸਾਰ ਕੰਪਨੀ ਨੂੰ ਅਦਾਇਗੀ ਕੀਤੀ ਜਾਣੀ ਬਣੇਗੀ:-<br>
ਕੁੱਲ ਬੀਟਾਂ 27@15208.70/-ਪ੍ਰਤੀ ਮਹੀਨਾ = 410634.90/-<br>
ਸੋ ਉਕਤ ਅਨੁਸਾਰ ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ
</td>
<td></td>
</tr>
<tr>
<td>24</td>
<td>538</td>
<td>05.08.19</td>
<td> <u>ਮੀਟਿੰਗ ਵਿੱਚ ਹੇਠ ਲਿਖੇ ਮਸਲੇ ਵੀ ਵਿਚਾਰੇ ਗਏ।</u>
1) ਸ੍ਰੀ ਪਰਮਜੀਤ ਸਿੰਘ ਕਾਹਲੋਂ ਅਤੇ ਸ੍ਰੀਮਤੀ ਕੁਲਦੀਪ ਕੌਰ ਕੰਗ, ਮੈਂਬਰ ਸਾਹਿਬਾਨਾਂ ਵੱਲੋਂ ਮੰਗ ਕੀਤੀ ਗਈ ਕਿ ਸ਼ਹਿਰ ਵਿੱਚ ਬੱਚਿਆਂ ਦੇ ਖੇਡਣ ਲਈ ਕੋਈ ਮੈਦਾਨ ਨਹੀਂ ਹਨ ਅਤੇ ਸ਼ਹਿਰ ਵਿੱਚ ਜੋ ਸਪੋਰਟਸ ਕੰਪਲੈਕਸ ਹਨ, ਉਹ ਗਮਾਡਾ ਵੱਲੋਂ ਠੇਕੇ ਤੇ ਦਿੱਤੇ ਹੋਏ ਹਨ ਅਤੇ ਠੇਕੇਦਾਰ ਆਪਣੀ ਮਨਮਰਜ਼ੀ ਦੀ ਫੀਸ਼ ਵਸੂਲਦਾ ਹੈ, ਪਰੰਤੂ ਹਰੇਕ ਮਾ-ਬਾਪ ਉਤਨੀ ਫੀਸ਼ ਨਹੀਂ ਦੇ ਸਕਦਾ। ਇਸ ਤਰ੍ਹਾਂ ਬੱਚੇ ਖੇਡਣ ਤੋਂ ਵੀ ਵਾਂਝੇ ਰਹਿ ਜਾਂਦੇ ਹਨ, ਜੋ ਸਾਡੇ ਦੇਸ਼ ਦਾ ਭਵਿੱਖ ਹਨ। </td>
<td>1) ਇਸ ਸਬੰਧੀ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸ਼ਹਿਰ ਵਿੱਚ ਬਣੇ ਸਪੋਰਟ ਕੰਪਲੈਕਸ ਗਮਾਡਾ ਤੋਂ ਲੈਣ ਲਈ ਅਗਲੇਰੀ ਕਾਰਵਾਈ ਕੀਤੀ ਜਾਵੇ।</td>
</tr>
</table>

| | | | | |
|---|---|---|---|---|
| | | **05.08.19** | 2) ਸ੍ਰੀ ਅਰੁਣ ਸ਼ਰਮਾ, ਸ੍ਰੀਮਤੀ ਪ੍ਰਕਾਸ਼ ਵਤੀ ਅਤੇ ਸ੍ਰੀ ਕਮਲਜੀਤ ਸਿੰਘ ਰੂਬੀ, ਮੈਂਬਰ ਸਾਹਿਬਾਨਾਂ ਵੱਲੋਂ ਹਾਊਸ ਨੂੰ ਦੱਸਿਆ ਗਿਆ ਕਿ ਸ਼ਹਿਰ ਵਿੱਚ ਡਿਸਪੈਂਸਰੀਆਂ ਦੀ ਹਾਲਤ ਬਹੁਤ ਖਸਤਾ ਹੈ ਅਤੇ ਉਹਨਾਂ ਵੱਲੋਂ ਮੰਗ ਕੀਤੀ ਗਈ ਕਿ ਇਹਨਾਂ ਦੀ ਰਿਪੇਅਰ ਵੀ ਨਗਰ ਨਿਗਮ ਦੇ ਫੰਡਾਂ ਵਿਚੋਂ ਕਰਵਾਈ ਜਾਵੇ। | 2) ਇਸ ਸਬੰਧੀ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਜਿੰਨ੍ਹਾ ਡਿਸਪੈਂਸਰੀਆਂ ਦੀ ਹਾਲਤ ਖਰਾਬ ਹੈ, ਉਹਨਾਂ ਦੇ ਤਖਮੀਨੇ ਤਿਆਰ ਕਰਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਪਾਸ ਕਰਵਾਉਣ ਉਪਰੰਤ ਸਰਕਾਰ ਨੂੰ ਭੇਜੇ ਜਾਣ।ਜੇਕਰ ਸਰਕਾਰ ਇਸਦੀ ਪ੍ਰਵਾਨਗੀ ਦਿੰਦੀ ਹੈ ਤਾਂ ਨਗਰ ਨਿਗਮ ਡਿਸਪੈਂਸਰੀਆਂ ਦੇ ਅੰਦਰ ਦਾ ਕੰਮ ਕਰਵਾਉਣ ਲਈ ਸਹਿਮਤ ਹੈ। |
| | | **05.08.19** | 3) ਸ੍ਰੀ ਰਾਜਿੰਦਰ ਪ੍ਰਸ਼ਾਦ, ਸ੍ਰੀ ਪਰਮਜੀਤ ਸਿੰਘ ਕਾਹਲੋਂ ਅਤੇ ਸ੍ਰੀ ਹਰਪਾਲ ਸਿੰਘ, ਮੈਂਬਰ ਸਾਹਿਬਾਨਾਂ ਵੱਲੋਂ ਹਾਊਸ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਮਿਊਸਪਲ ਕੰਪਲੈਕਸ ਦੀ ਕੋਠੀ ਨੰ.1988 ਫੇਜ਼-5, ਜਿਸ ਨੂੰ ਅਧੀਨ ਸਕੱਤਰ, ਸਥਾਨਕ ਸਰਕਾਰ ਵਿਭਾਗ ਵੱਲੋਂ ਏ.ਡੀ.ਏ/ ਐਸ.ਡੀ.ਐਮ.ਮੋਹਾਲੀ ਦੀ ਸਰਕਾਰੀ ਰਿਹਾਇਸ਼ ਘੋਸ਼ਿਤ ਕਰ ਦਿੱਤਾ ਗਿਆ ਹੈ। ਹਾਊਸ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਕਿਉਂਕਿ ਇਹ ਨਗਰ ਨਿਗਮ ਦੀ ਆਪਣੀ ਜਾਇਦਾਦ ਹੈ, ਇਸ ਲਈ ਇਸ ਨੂੰ ਸਪੈਸ਼ਲ ਕਿਸੇ ਅਫਸਰ ਦੀ ਰਿਹਾਇਸ਼ ਵਜੋਂ ਪੱਕੇ ਤੌਰ ਤੇ ਘੋਸ਼ਿਤ ਨਹੀ ਕੀਤਾ ਜਾ ਸਕਦਾ ।ਜੇਕਰ ਨਗਰ ਨਿਗਮ ਦੀ ਰਿਹਾਇਸ਼ੀ ਖਾਲੀ ਹੋਵੇ ਅਤੇ ਨਗਰ ਨਿਗਮ ਦੀ ਕਿਸੇ ਅਧਿਕਾਰੀ ਨੂੰ ਨਾ ਲੋੜੀਂਦੀ ਹੋਵੇ ਤਾਂ ਉਸ ਸੂਰਤ ਵਿੱਚ ਜੇਕਰ ਪ੍ਰਸ਼ਾਸਨਿਕ ਅਧਿਕਾਰੀ ਨੂੰ 2-4 ਮਹੀਨੇ ਲਈ ਰਿਹਾਇਸ਼ ਚਾਹੀਦੀ ਹੋਵੇ ਤਾਂ ਨਗਰ ਨਿਗਮ ਦੇ ਹਾਊਸ ਦੀ ਸਹਿਮਤੀ ਨਾਲ ਦਿੱਤੀ ਜਾ ਸਕਦੀ ਹੈ। ਸਿੱਧੇ ਤੌਰ ਤੇ ਕਿਸੇ ਅਫਸਰ ਦੀ ਰਿਹਾਇਸ਼ ਵੱਜੋਂ ਘੋਸ਼ਿਤ ਕਰਨਾ ਗਲਤ ਹੈ। | 3) ਇਸ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸਰਕਾਰ ਵੱਲੋਂ ਕੋਠੀ ਨੰ.1988 ਫੇਜ਼-5 ਦੀ ਏ.ਡੀ.ਏ/ ਐਸ.ਡੀ.ਐਮ ਦੀ ਘੋਸ਼ਿਤ ਕੀਤੀ ਰਿਹਾਇਸ਼ ਨੂੰ ਰੱਦ ਕੀਤਾ ਜਾਂਦਾ ਹੈ। |

ਸਹੀ/
ਮੇਅਰ
ਨਗਰ ਨਿਗਮ,
ਐਸ.ਏ.ਐਸ ਨਗਰ